# ਪੰਜਾਬੀ ਕੌਮ ਦੀ ਭਾਸ਼ਾ ਪੰਜਾਬੀ ਦੀਆਂ ਜੱਦੀ ਵਿਸ਼ੇਸ਼ਤਾਵਾਂ

**ਵਲੋਂ: ਡਾ. ਪ੍ਰੇਮ ਪ੍ਰਕਾਸ਼ ਸਿੰਘ**
**ਸਾਬਕਾ ਪ੍ਰੋਫੈਸਰ ਤੇ ਹੈੱਡ ਪੰਜਾਬੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਜਾਬ**
**(ਭਾਰਤ) ਵਰਤਮਾਨ ਸਮਾਂ:**
**ਸਰੀ, ਬੀ.ਸੀ., ਕੈਨੇਡਾ**

***ਕਨੇਡਾ ਦੇ ਬੀ.ਸੀ. ਸੂਬੇ ਦੇ ਨਗਰ ਪ੍ਰਿੰਸ ਜਾਰਜ ਵਿਖੇ ਮਿਤੀ ੨੮ ਜੂਨ ੨੦੦੩ ਤੋਂ ੧ ਜੁਲਾਈ ੨੦੦੩ ਤੱਕ ਆਯੋਜਿਤ, ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਪੜ੍ਹਿਆ ਗਿਆ ਖੋਜ-ਪੱਤਰ***

## ਪੰਜਾਬੀ ਭਾਸ਼ਾ ਇਕ ਸਾਂਝਾ ਵਿਰਸਾ

ਸਮੁੱਚੀ ਪੰਜਾਬੀ ਕੌਮ ਦਾ ਜੇਕਰ ਕੋਈ ਇਕੋ ਇਕ ਸਾਂਝਾ ਵਿਰਸਾ ਹੈ ਉਹ ਹੈ ਪੰਜਾਬੀ ਬੋਲੀ। ਪੰਜਾਬੀ ਬੋਲੀ ਸਮੂਹ ਪੰਜਾਬੀਆਂ ਦੀ ਮਾਂ ਬੋਲੀ ਹੈ। ਪੰਜਾਬੀ ਸਿਰਫ ਮਾਂ ਬੋਲੀ ਹੀ ਨਹੀਂ ਬਲਕਿ ਸਾਰੇ ਪੰਜਾਬੀਆਂ ਦੇ ਕੰਠ ਵਿਚ ਹਾਜ਼ਰ-ਨਾਜ਼ਰ ਲੋਕ ਭਾਸ਼ਾ ਵੀ ਹੈ। ਅਜ ਪੰਜਾਬੀ ਕੰਠ ਭਾਸ਼ਾ ਤੋਂ ਅਗੇ ਲੰਘਕੇ ਇਕ ਮੁਕੰਮਲ ਕਾਰ-ਵਿਹਾਰੀ ਭਾਸ਼ਾ ਹੈ, ਅਦਬੀ ਤੇ ਵਿਦਿਅਕ ਭਾਸ਼ਾ ਹੈ, ਸਰਕਾਰੀ ਪ੍ਰਬੰਧਕੀ ਤੇ ਕਾਨੂੰਨੀ ਭਾਸ਼ਾ ਹੈ, ਵਪਾਰਕ ਤੇ ਧਰਮ ਭਾਸ਼ਾ ਹੈ, ਅਤੇ ਸਭ ਤੋਂ ਵੱਧ ਅੱਜ ਪੰਜਾਬੀ ਸਾਰੇ ਪੰਜਾਬੀਆਂ ਦੀ ਸਭਿਆਚਾਰਿਕ ਭਾਸ਼ਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਪੰਜਾਬੀ ਸਭਿਆਚਾਰ ਪੰਜਾਬੀ ਭਾਸ਼ਾ ਦੀ ਜਿੰਦ-ਜਾਨ ਹੈ ਜਿਸ ਨਾਲ ਪੰਜਾਬੀ ਦਾ ਜੀਣਾ ਤੇ ਮਰਨਾ ਸਾਂਝਾ ਹੈ।

ਪੰਜਾਬੀ ਸਾਡੇ ਲੂੰ ਲੂੰ ਵਿਚ ਮੌਜੂਦ ਹੈ। ਪੰਜਾਬ ਦੀਆਂ ਸੱਥਾਂ ਵਿਚ ਤੇ ਪਰ੍ਹਿਆਂ ਵਿਚ, ਖੇਤਾਂ ਵਿਚ ਤੇ ਖਲਵਾੜਾਂ ਵਿਚ, ਘਰਾਂ ਵਿਚ ਤੇ ਹਵੇਲੀਆਂ ਵਿਚ, ਸੁਫਨੇ ਵਿਚ ਤੇ ਨੀਂਦਰਾਂ ਵਿਚ, ਵਿਹੜੇ ਵਿਚ ਤੇ ਖੇੜੇ ਵਿਚ, ਗੱਲ ਕੀ ਹਰ ਸੋਚ ਵਿਚ ਤੇ ਸੁਰਤ ਵਿਚ ਪੰਜਾਬੀ ਬੋਲੀ ਹਮੇਸ਼ਾ ਸਾਡੇ ਅੰਗ-ਸੰਗ ਹਾਜ਼ਰ ਰਹਿੰਦੀ ਹੈ। ਪਰ ਜੇਕਰ ਅਸੀਂ ਕਦੇ-ਕਦਾਈਂ ਪਰਦੇਸੀ ਬੋਲੀਆਂ ਦੇ ਝੁਰਮਟ ਵਿਚ ਆਪਣੀ ਮਾਂ ਬੋਲੀ ਨੂੰ ਭੁੱਲ ਵੀ ਜਾਂਦੇ ਹਾਂ ਤਾਂ ਉਥੇ ਵੀ ਕਿਸੇ ਨਾ ਕਿਸੇ ਖੂੰਜੇ 'ਤੇ ਪੰਜਾਬੀ ਬੋਲੀ ਦੀ ਗੂੰਜ ਸਾਡੇ ਕੰਨੀਂ ਪੈ ਜਾਂਦੀ ਹੈ ਅਤੇ ਅਸੀਂ ਝਟ-ਬਿੰਦ ਲਈ ਕਿਸੇ ਮਸਤੀ ਵਿਚ ਝੂਮ ਉੱਠਦੇ ਹਾਂ; ਗੱਲ ਕੀ, ਸਾਡੀ ਮਾਖਿਉਂ ਮਿੱਠੀ ਪੰਜਾਬੀ ਬੋਲੀ ਵਿਚ ਮੱਕੀ ਦੀ ਰੋਟੀ ਦਾ ਸੁਆਦ ਹੈ, ਚੁਲਿਆਂ ਦੇ ਧੂੰਏਂ ਦੀ ਨਿੱਘ ਹੈ, ਭੱਠੀ ਦੇ ਦਾਣਿਆਂ ਦੀ ਖੁਸ਼ਬੂ ਹੈ, ਗੰਨਿਆਂ ਦੇ ਰਸ ਦੀ ਮਿਠਾਸ ਹੈ ਅਤੇ ਸਭ ਤੋਂ ਵੱਧ ਸਰ੍ਹੋਂ ਦੇ ਸਾਗ ਦੀ ਮਹਿਕ ਹੈ। ਪੰਜਾਬੀ ਬੋਲੀ ਨਾਲ ਸਾਡਾ ਰਿਸ਼ਤਾ ਏਨਾ ਪੱਕਾ ਤੇ ਪੀਢਾ ਹੈ ਕਿ ਭਾਵੇਂ ਪੰਜਾਬ ਦਾ ਜੁਗਰਾਫੀਆ ਬਦਲਦਾ ਰਿਹਾ ਅਤੇ ਪੰਜਾਬ ਵੰਡਿਆ ਜਾਂਦਾ ਰਿਹਾ, ਲੇਕਿਨ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਬੋਲੀ ਕਦੇ ਵੀ ਨਹੀਂ ਵੰਡੀ ਗਈ। ਸਚਮੁਚ ਪੰਜਾਬੀ ਬੋਲੀ ਇਕ ਬਹੁਤ ਵੱਡੇ ਭਾਈਚਾਰੇ ਦਾ ਸਾਂਝਾ ਵਿਰਸਾ ਹੈ।

## ਪੰਜਾਬੀ ਭਾਸ਼ਾ ਦਾ ਜੱਦੀ ਘਰ

ਪੁਰਾਣੇ ਸਮਿਆਂ ਤੋਂ ਲੈ ਕੇ ਅਜੋਕੇ ਸਮੇਂ ਦਾ ਸਾਂਝਾ ਪੰਜਾਬ ਹੀ ਪੰਜਾਬੀ ਭਾਸ਼ਾ ਦਾ ਜੱਦੀ ਘਰ ਹੈ। ਪੰਜਾਬ ਦੀ ਅਜ਼ਮਤ ਤੇ ਵਡਿਆਈ ਨੂੰ ਵੇਖਦਿਆਂ ਕਿਸੇ ਦਾਨਿਸ਼ਵਰ ਨੇ ਪੰਜਾਬ ਨੂੰ 'ਵੀਰ ਭੂਮੀ' ਦਾ ਖ਼ਿਤਾਬ ਦਿੱਤਾ ਹੈ, ਯਾਨੀ ਵੀਰਾਂ ਤੇ ਬਹਾਦਰਾਂ ਦੀ ਧਰਤੀ, ਕਿਸੇ ਨੇ ਇਸ ਨੂੰ `ਖੜਗ-ਭੁਜਾ` (ਸਵੋਰਡ-ਆਰਮ) ਦਾ ਰੁਤਬਾ ਦਿੱਤਾ ਹੈ ਯਾਨੀ ਮਹਾਂਬਲੀਆਂ ਤੇ ਤਲਵਾਰ ਦੇ ਧਨੀਆਂ ਦੀ ਭੂਮੀ ਅਤੇ ਕੋਈ ਪੰਜਾਬ ਨੂੰ ਪ੍ਰਾਚੀਨ ਭਾਰਤ ਦਾ `ਸ਼ਾਹੀ ਦਰਵਾਜ਼ਾ` ਬਿਆਨ ਕਰਦਾ ਹੈ। ਕੋਈ ਵੇਲਾ ਸੀ ਜਦੋਂ ਪੰਜਾਬ ਇਕ ਬਹੁਤ ਵੱਡਾ ਤੇ ਵਿਸ਼ਾਲ ਪ੍ਰਾਂਤ ਸੀ। ਸਾਂਝੇ ਪੰਜਾਬ (ਪਾਕਿਸਤਾਨ ਸਮੇਤ) ਦੇ ਉੱਤਰ-ਪੱਛਮੀ ਸੂਬਾ ਸਰਹੱਦ ਦੇ ਅਟਕ ਦਰਿਆ ਤੋਂ ਲੈ ਕੇ ਦਿੱਲੀ ਮਹਾਨਗਰ ਨਾਲ ਘਸਰ ਕੇ ਲੰਘਦੀ ਜਮਨਾ ਨਦੀ ਤਕ ਮਹਾਂਪੰਜਾਬ ਦਾ ਪਸਾਰਾ ਸੀ। ਇਹ ਮਹਾਂ ਪੰਜਾਬ ਤਿੱਬਤ ਤੋਂ ਲੈ ਕੇ ਸਿੰਧ (ਪਾਕ) ਤਕ ਅਤੇ ਸਰਹੱਦੀ ਸੂਬੇ ਤੋਂ ਲੈ ਕੇ ਦਿੱਲੀ ਤੱਕ ਫੈਲਿਆ ਹੋਇਆ ਸੀ ਅਤੇ ਦੂਰ ਦੂਰ ਪਿਸ਼ਾਵਰ, ਸ੍ਰੀਨਗਰ, ਸ਼ਿਮਲਾ, ਬੀਕਾਨੇਰ ਦੇ ਬਜ਼ਾਰਾਂ ਵਿਚ ਪੰਜਾਬੀ ਬੋਲੀ ਸੁਣੀ ਜਾਂਦੀ ਸੀ। ਪੰਜਾਬੀ ਦੇ ਸਵਰਗੀ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਕਿਹਾ ਹੈ:-

> "ਖੱਬੇ ਹੱਥ ਬਰਛੀ ਜਮਨਾ ਦੀ,
> ਸੱਜੇ ਹੱਥ ਖੜਗ ਅਟਕ ਦਾ ਹੈ।
> ਪਿਛਵਾੜੇ ਬੰਧ ਚਟਾਨਾਂ ਦਾ,
> ਕੋਈ ਵੈਰੀ ਤੋੜ ਨਾ ਸਕਦਾ ਹੈ।"

ਇਸ ਤਰ੍ਹਾਂ ਪੰਜਾਬੀ ਬੋਲੀ ਦਾ ਜੱਦੀ ਘਰ ਪ੍ਰਾਚੀਨ ਸਭਿਅਤਾ ਦੀ ਧਰਤੀ ਉਹ ਵਿਸ਼ਾਲ ਪੰਜਾਬ ਹੈ ਜਿਸ ਨੂੰ "ਮੋਇਓ ਜੋ ਦੜੋ" ਅਤੇ ਹੜੱਪਾ ਦੀ ਤਹਿਜ਼ੀਬ ਤੋਂ ਬਾਅਦ ਰਿਗਵੈਦਿਕ ਜ਼ਮਾਨੇ (੧੫੦੦ ਪੂ.ਈ.) ਵਿਚ ਸਪਤਸਿੰਧੂ ਕਿਹਾ ਜਾਂਦਾ ਸੀ, ਯਾਨੀ ਸੱਤ ਦਰਿਆਵਾਂ ਦੀ ਧਰਤੀ, ਜਿਸ ਦਾ ਫਾਰਸੀ ਰੂਪ `ਹਫ਼ਤ ਹਿੰਦੂ` ਹੈ। ਇਸੇ ਤਰ੍ਹਾਂ ਮਹਾਂਭਾਰਤ ਤੇ ਰਾਮਾਇਣ ਯੁਗ (੭੦੦ ਪੂ.ਈ.) ਵਿਚ ਪ੍ਰਾਚੀਨ ਪੰਜਾਬ ਨੂੰ `ਪੰਜਨਦ` ਕਿਹਾ ਜਾਣ ਲੱਗਾ ਯਾਨੀ ਪੰਜ ਨਦੀਆਂ ਦਾ ਦੇਸ਼ ਜਿਸਦਾ ਐਨ ਫਾਰਸੀ ਤਰਜਮਾ ਪੰਜਾਬ (ਪੰਚ-ਆਬ) ਹੈ। ਇਸ ਤੋਂ ਅੱਗੇ ਪ੍ਰਾਚੀਨ ਪੰਜਾਬ ਦੇ ਭਾਸ਼ਾ-ਵਿਗਿਆਨੀ `ਪਾਣਿਨੀ` (ਚੌਥੀ ਸਦੀ ਪੂ.ਈ.) ਦੇ ਯੁਗ ਵਿਚ ਪੁਰਾਣੇ ਪੰਜਾਬ ਨੂੰ `ਵਾਹੀਕ` ਜਾਂ `ਵਾਹਲੀਕ` ਵੀ ਕਿਹਾ ਜਾਂਦਾ ਰਿਹਾ ਹੈ। ਵਾਹੀਕ ਤੋਂ ਹੀ ਅੱਜ-ਕੱਲ੍ਹ ਦਾ ਪੰਜਾਬੀ ਲਫਜ਼ `ਵਾਹੀਕਾਰ`

(ਕ੍ਰਿਸਾਨ) ਬਣਿਆ ਹੈ। ਇਸ ਤੋਂ ਇਲਾਵਾ ਪ੍ਰਾਚੀਨ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਵੱਖ-ਵੱਖ ਨਾਮ ਸਨ। ਸਿੰਧੂ ਨਦੀ ਦੇ ਉਪਰਲੇ ਪਾਸੇ ਗਾਂਧਾਰ ਪ੍ਰਾਂਤ ਸੀ ਜੋ ਅੱਜਕਲ ਕਾਬੁਲ-ਕੰਧਾਰ ਹੈ, ਜਿਹਲਮ-ਚਨਾਬ ਤੇ ਰਾਵੀ ਦੇ ਦਰਮਿਆਨੀ ਇਲਾਕੇ ਨੂੰ `ਕੈਕੇਯ` ਪ੍ਰਦੇਸ਼ ਕਿਹਾ ਜਾਂਦਾ ਸੀ। ਕੈਕੇਯ ਤੋਂ ਹੀ ਅਜੋਕਾ `ਕੀਕਣਾ` ਪੰਜਾਬੀ ਲਫਜ਼ ਨਿਕਲਿਆ ਹੈ। ਰਾਵੀ ਬਿਆਸ ਤੇ ਸਤਲੁਜ ਦੇ ਦਰਮਿਆਨ `ਮਦ੍ਰ ਦੇਸ਼` ਸੀ ਅਤੇ ਸਤਲੁਜ ਤੋਂ ਉਰਾਰ ਚੜ੍ਹਦੇ ਪੰਜਾਬ ਦਾ ਇਲਾਕਾ `ਟੱਕ ਦੇਸ਼` ਅਖਵਾਉਂਦਾ ਸੀ। ਇਨ੍ਹਾਂ ਵੱਖ-ਵੱਖ ਇਲਾਕਿਆਂ ਵਿਚ ਪ੍ਰਾਚੀਨ ਪੰਜਾਬ ਦੀਆਂ ਪ੍ਰਾਕ੍ਰਿਤ ਭਾਸ਼ਾ-ਵੰਨਗੀਆਂ ਜਿਵੇਂ ਕੈਕੇਈ ਪ੍ਰਾਕ੍ਰਿਤ, ਮਦ੍ਰ ਪ੍ਰਾਕ੍ਰਿਤ ਅਤੇ ਟੱਕ ਭਾਸ਼ਾ ਬੋਲੀਆਂ ਜਾਂਦੀਆਂ ਸਨ।

## ਭਾਰਤੀ ਸਭਿਅਤਾ ਦੀ ਜਨਮ ਭੂਮੀ ਪੰਜਾਬ

ਇਸੇ ਪੁਰਾਣੇ ਤੋਂ ਪੁਰਾਣੇ ਪੰਜਾਬ ਦੀ ਧਰਤੀ ਤੇ ਹੀ ਮਹਾਨ ਦੇਸ਼ ਭਾਰਤ ਦੇ ਸਾਹਿੱਤ, ਧਰਮ ਅਤੇ ਸਭਿਆਚਾਰ ਦਾ ਪਹਿਲ-ਪਲੇਠਾ ਮੁੱਢ ਬੱਝਾ ਹੈ। ਦੁਨੀਆਂ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਰਿਗਵੇਦ ਦੀ ਰਚਨਾ ਪੰਜਾਬ ਦੀ ਹੀ ਦੇਣ ਹੈ। ਏਥੇ ਹੀ ਉਪਨਿਸ਼ਦ, ਮਹਾਂਭਾਰਤ ਅਤੇ ਰਾਮਾਇਣ ਜਿਹੇ ਵੱਡ-ਆਕਾਰੀ ਮਹਾਂਕਾਵਿ (ਐਪਿਕ) ਪੈਦਾ ਹੋਏ ਸਨ। ਪਾਨਿਨੀ ਦਾ ਸੰਸਾਰ-ਪ੍ਰਸਿੱਧ ਗ੍ਰਾਮਰ `ਅਸ਼ਟਾਧਿਆਈ`, ਤਕਸ਼ਸ਼ਿਲਾ ਯੂਨੀਵਰਸਿਟੀ, ਬੋਧ ਧਰਮ ਦੇ ਕੇਂਦਰ ਗਾਂਧਾਰ(ਅਜੋਕਾ ਕੰਧਾਰ, ਅਫ਼ਗਾਨਿਸਤਾਨ) ਦੀ ਮੂਰਤੀ-ਕਲਾ, ਪਿਸ਼ਾਵਰ ਤੇ ਹਜ਼ਾਰਾ ਦੇ ਨੇੜੇ ਮਾਨਸੇਰਾ ਤੇ ਸ਼ਾਹਬਾਜ਼ਗੜ੍ਹੀ ਦੇ ਮੁਕਾਮ ਤੇ ਸਮਰਾਟ ਅਸ਼ੋਕ ਦੇ ਸ਼ਿਲਾਲੇਖ (ਤੀਜੀ ਸਦੀ ਪੂ.ਈ.), ਬ੍ਰਾਹਮੀ ਲਿਪੀ ਤੇ ਖਰੋਸ਼ਠੀ ਲਿਪੀ (ਰਸਮੁਲ ਖ਼ਤ) ਦੀ ਕਾਢ (ਬ੍ਰਾਹਮੀ ਤੋਂ ਗੁਰਮੁਖੀ, ਦੇਵਨਾਗਰੀ ਲਿਪੀਆਂ ਨਿਕਲੀਆਂ ਹਨ), ਕੁਰੁਕਸ਼ੇਤਰ ਵਿਖੇ ਭਗਵਦ ਗੀਤਾ ਦਾ ਉਚਾਰਨ ਅਤੇ ਸਰਬੱਤ ਦੇ ਭਲੇ ਦੀ ਇਲਾਹੀ ਬਾਣੀ, 'ਸ੍ਰੀ ਗੁਰੂ ਗ੍ਰੰਥ ਸਾਹਿਬ, ਦੀ ਸਿਰਜਨਾ ਪੰਜਾਬ ਦਾ ਹੀ ਯੋਗਦਾਨ ਹੈ। ਇਸ ਸੰਖੇਪ ਵੇਰਵੇ ਤੋਂ ਇਕ ਗੱਲ ਨਿੱਤਰ ਕੇ ਸਾਹਮਣੇ ਆਉਂਦੀ ਹੈ ਕਿ ਹਿੰਦੂ ਸਭਿਅਤਾ, ਬੋਧ ਸਭਿਅਤਾ ਅਤੇ ਸਿਖ-ਸਭਿਆਚਾਰ, ਇਨ੍ਹਾਂ ਤਿੰਨਾਂ ਸਭਿਆਤਾਵਾਂ ਦੀ ਜਨਮ-ਭੂਮੀ ਪ੍ਰਾਚੀਨ ਤੇ ਮੱਧਕਾਲੀਨ ਪੰਜਾਬ ਹੀ ਹੈ। ਇਕ ਗੱਲ ਹੋਰ ਵੀ ਬੜੇ ਮਾਅਰਕੇ ਦੀ ਹੈ ਕਿ ਅੱਜ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲਾਂ, ਪੁਰਾਣੇ ਪੰਜਾਬ ਦੇ ਜੰਮਪਲ ਰਿਸ਼ੀ ਪਾਨਿਨੀ ਨੇ ਉਸ ਵੇਲੇ ਦੇ ਪੰਜਾਬ ਦੀ ਕਿਸੇ ਜਿਉਂਦੀ-ਜਾਗਦੀ ਬੋਲੀ ਨੂੰ ਮਾਂਜ-ਸੰਵਾਰ ਕੇ ਕਲਾਸੀਕਲ ਸੰਸਕ੍ਰਿਤ ਦੀ ਰਚਨਾ ਕੀਤੀ ਸੀ। ਪਾਨਿਨੀ ਦੀ ਉਹ ਕਲਾਸੀਕਲ ਸੰਸਕ੍ਰਿਤ ਹਿੰਦੁਸਤਾਨੀ ਭਾਸ਼ਾ-ਕਲਚਰ ਨੂੰ ਪ੍ਰਾਚੀਨ ਪੰਜਾਬ ਦਾ ਇਕ ਅਮਰ ਸਦੀਵੀ ਤੋਹਫ਼ਾ ਹੈ। ਅਮਰੀਕਾ ਦੇ ਭਾਸ਼ਾ ਵਿਦਵਾਨ ਲਿਓਨਾਰਡ ਬਲੂਮਫੀਲਡ (੧੯੩੩) ਨੇ ਕਿਹਾ ਹੈ ਕਿ ਪਾਨਿਨੀ ਦਾ ਗ੍ਰਾਮਰ "One of the greatest monuments of human intelligence" (ਇਨਸਾਨੀ ਅਕਲ ਦੀ ਇਕ ਮਹਾਨ ਨਿਸ਼ਾਨੀ) ਹੈ।

ਪੁਰਾਣੇ ਪੰਜਾਬ ਦੀ ਮਹਿਮਾ ਤੇ ਮਹਾਨਤਾ ਬਾਰੇ ਪਿਛਲੇਰੇ ਵੈਦਿਕ ਯੁਗ ਦੀ ਸੰਸਕ੍ਰਿਤ ਲਿਖਤ "ਕੌਸ਼ੀਤਕੀ ਬ੍ਰਾਹਮਣ" ਗ੍ਰੰਥ ਵਿਚ ਲਿਖਿਆ ਹੈ ਕਿ ਃ- "ਉੱਤਰ ਵਾਲੇ ਇਲਾਕੇ ਸਪਤਸਿੰਧੂ ਵਿਚ ਬੜੀ ਸ਼ੁੱਧ ਭਾਸ਼ਾ ਬੋਲੀ ਜਾਂਦੀ ਹੈ। ਭਾਸ਼ਾ ਸਿੱਖਣ ਲਈ ਲੋਕ ਉੱਤਰ ਵਿਚ ਵਸਦੇ ਲੋਕਾਂ ਪਾਸ ਜਾਂਦੇ ਹਨ। ਜੋ ਵੀ ਉਥੋਂ ਵਾਪਸ ਆਉਂਦਾ ਹੈ ਲੋਕ ਉਸ ਨੂੰ ਬੜੀ ਤਾਂਘ ਨਾਲ ਸੁਣਨਾ ਚਾਹੁੰਦੇ ਹਨ।"

## ਪੰਜਾਬੀ ਭਾਸ਼ਾ ਦਾ ਜਨਮ

ਇਹ ਇਕ ਅਜੀਬ ਜਿਹੀ ਗਲ ਹੈ ਕਿ ਜਿੱਥੇ ਸਾਰੀਆਂ ਅਜੋਕੀਆਂ ਭਾਰਤੀ ਆਰੀਆ ਭਾਸ਼ਾਵਾਂ ਦੇ ਜਨਮ-ਸਰੋਤਾਂ (ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ) ਦੀ ਸ਼ਨਾਖ਼ਤ ਕੀਤੀ ਜਾ ਚੁੱਕੀ ਹੈ ਉਥੇ ਪੰਜਾਬੀ ਭਾਸ਼ਾ ਦੇ ਜਨਮ ਦੀ ਸਰੋਤ-ਭਾਸ਼ਾ ਬਾਰੇ ਕੋਈ ਅੰਤਿਮ ਫੈਸਲਾ ਨਹੀਂ ਹੋ ਸਕਿਆ ਹੈ।

ਪਿਛਲੀ ਸਦੀ ਵਿਚ, ਸਭ ਤੋਂ ਪਹਿਲਾਂ ਡਾ. ਜਾਰਜ ਗ੍ਰੀਅਰਸਨ ਨੇ ਆਪਣੇ ਵੱਡ-ਆਕਾਰੀ ਗ੍ਰੰਥ "Linguistic survey of India"-(੧੯੨੬) ਵਿਚ ਸਮੁੱਚੀ ਪੰਜਾਬੀ ਜ਼ਬਾਨ ਨੂੰ ਲਹਿੰਦੀ ਪੰਜਾਬੀ ਅਤੇ ਪੂਰਬੀ ਪੰਜਾਬੀ ਇਨ੍ਹਾਂ ਦੋ ਹਿੱਸਿਆਂ ਵਿਚ ਵੰਡਕੇ, ਲਹਿੰਦੀ ਦੀ ਸਰੋਤ-ਭਾਸ਼ਾ ***ਪੈਸ਼ਾਚੀ ਪ੍ਰਾਕ੍ਰਿਤ*** ਨੂੰ ਮੰਨਿਆ ਅਤੇ ਪੂਰਬੀ ਪੰਜਾਬੀ ਦੀ ਸਰੋਤ ਭਾਸ਼ਾ ***ਸ਼ੌਰਸੇਨੀ ਪ੍ਰਾਕ੍ਰਿਤ*** ਨੂੰ ਸਵੀਕਾਰ ਕੀਤਾ। ਗ੍ਰੀਅਰਸਨ ਦੀ ਇਸ ਥਿਊਰੀ ਦਾ ਵਿਦਵਾਨਾਂ ਵਲੋਂ ਵਿਗਿਆਨਿਕ ਵਿਧੀ ਨਾਲ ਖੰਡਨ ਕੀਤਾ ਗਿਆ ਹੈ। ਰੂਸੀ ਭਾਸ਼ਾ ਸਕੂਲ ਦੇ ਭਾਸ਼ਾ ਵਿਗਿਆਨੀ ਡਾ. ਬਲਬੀਰ ਸਿੰਘ ਸੰਧੂ ਨੇ ਕਿਹਾ ਹੈ ਕਿ ਪੰਜਾਬੀ ਦੀ ਸਰੋਤ-ਭਾਸ਼ਾ ਸ਼ੌਰਸੇਨੀ ਨਹੀਂ ਹੈ, ਸ਼ੌਰਸੇਨੀ ਤੋਂ ਹਿੰਦੀ ਆਦਿ ਭਾਸ਼ਾਵਾਂ ਜੰਮੀਆਂ ਹਨ। (ਹਵਾਲਾ- The tonel system of Punjabi Language-੧੯੬੫) ਡਾ. ਹਰਦੇਵ ਬਾਹਰੀ (ਇਲਾਹਾਬਾਦ ੧੯੬੫) ਨੇ ਸ਼ੌਰਸੇਨੀ ਨੂੰ ਪੰਜਾਬੀ ਦੀ ਜਨਨੀ ਨਹੀਂ ਮੰਨਿਆ ਪਰ ਗਵਾਂਢੀ ਹੋਣ ਦੇ ਨਾਤੇ ਸ਼ੌਰਸੇਨੀ ਦਾ ਪੰਜਾਬੀ ਉੱਤੇ ਅਸਰ ਜ਼ਰੂਰ ਮੰਨਿਆ ਹੈ।

ਪਰ ਹੁਣ ਨਵੀਆਂ ਖੋਜਾਂ ਦੇ ਆਧਾਰ ਤੇ ਗ੍ਰੀਅਰਸਨ ਦੀ ਥਿਊਰੀ ਨੂੰ ਰੱਦ ਕਰਕੇ, ਪੰਜਾਬ ਦੀਆਂ ਆਪਣੀਆਂ ਪ੍ਰਾਕ੍ਰਿਤਾਂ/ਅਪਭ੍ਰੰਸ-ਭਾਸ਼ਾਵਾਂ ਉਪਲੱਬਧ ਹੋਈਆਂ ਹਨ ਜਿਨ੍ਹਾਂ ਤੋਂ ਪੰਜਾਬੀ ਬੋਲੀ ਦਾ ਜਨਮ ਹੋਇਆ ਹੈ। ਉਹ ਪ੍ਰਾਕ੍ਰਿਤਾਂ ਮੁੱਖ ਤੌਰ ਤੇ ਇਹ ਹਨਃ- (੧) ਕੈਕੇਈ ਪ੍ਰਾਕ੍ਰਿਤ (੨) ਮਦ੍ਰ ਪ੍ਰਾਕ੍ਰਿਤ ਅਤੇ (੩) ਟੱਕ ਪ੍ਰਾਕ੍ਰਿਤ। ਹੁਣ ਇਨ੍ਹਾਂ ਤਿੰਨਾਂ ਪ੍ਰਾਕ੍ਰਿਤਾਂ ਦੀ ਜਾਣਕਾਰੀ ਪੇਸ਼ ਕੀਤੀ ਜਾਂਦੀ ਹੈ। ਭਾਰਤੀ ਉਪ-ਮਹਾਂਦੀਪ ਦੇ ਸਮੁੱਚੇ ਆਰੀਆ ਭਾਸ਼ਾ-ਪਰਿਵਾਰ ਦਾ ਵਿਕਾਸ ਤਿੰਨ ਦੌਰਾਂ ਵਿਚ ਹੋਇਆ ਹੈ। ਪਹਿਲਾ ਦੌਰ ਹੈ "ਪ੍ਰਾਚੀਨ ਭਾਰਤੀ ਆਰੀਆ ਭਾਸ਼ਾ" ( Old Indo-Aryan, 1500B.C. - 600 B.C.) ਦੂਜਾ ਦੌਰ ਹੈ "ਮੱਧਕਾਲੀ ਭਾਰਤੀ ਆਰੀਆ ਭਾਸ਼ਾ ( Middle Indo-Aryan, 600 B.C. - 1000 A.D.) ਤੀਜਾ ਦੌਰ ਹੈ, "ਆਧੁਨਿਕ ਭਾਰਤੀ ਆਰੀਆ ਭਾਸ਼ਾ (New Indo Aryan, 1000A.D. up to Present)। ਪਹਿਲੇ ਦੌਰ ਦੀ ਭਾਸ਼ਾ ਵੈਦਿਕ ਭਾਸ਼ਾ ਹੈ, ਦੂਜੇ ਦੌਰ ਵਿਚ ਪਾਲੀ ਭਾਸ਼ਾ, ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ ਭਾਸ਼ਾਵਾਂ ਹਨ, ਅਤੇ ਤੀਜੇ ਦੌਰ ਵਿਚ ਪੰਜਾਬੀ, ਹਿੰਦੀ, ਗੁਜਰਾਤੀ, ਮਰਾਠੀ ਆਦਿ ਅਜੋਕੀਆਂ ਪ੍ਰਾਂਤਕ ਭਾਸ਼ਾਵਾਂ ਹਨ।

ਹਰੇਕ ਪ੍ਰਾਂਤਕ ਭਾਰਤੀ ਭਾਸ਼ਾ ਦਾ ਜਨਮ-ਸਰੋਤ ਕੋਈ ਨਾ ਕੋਈ ਪ੍ਰਾਕ੍ਰਿਤ ਹੈ, ਲੇਕਿਨ ਪੰਜਾਬੀ ਦੀ ਪ੍ਰਾਕ੍ਰਿਤ ਬਾਰੇ ਅਜੇ ਸ਼ੰਕਾ ਹੈ। ਆਮ ਵਿਦਵਾਨ ਇਹੋ ਕਹਿੰਦੇ ਰਹੇ ਹਨ ਕਿ ਪੰਜਾਬੀ ਬੋਲੀ, ਹਿੰਦੀ ਭਾਸ਼ਾ ਦੀ ਉਪਬੋਲੀ ਹੀ (ਡਾਇਲੈਕਟ) ਹੈ, ਕਿਉਂਕਿ ਪੰਜਾਬੀ ਦੀ ਤਾਂ ਕੋਈ ਆਪਣੀ ਵੱਖਰੀ ਪ੍ਰਾਕ੍ਰਿਤ ਹੀ ਨਹੀਂ ਹੈ। ਪਰ ਸ਼ੰਕਾਵਾਦੀ ਵਿਦਵਾਨਾਂ ਦੀ ਸ਼ੰਕਾ ਦੂਰ ਕਰਨ ਲਈ ਅਤੇ ਪੰਜਾਬੀ ਭਾਸ਼ਾ ਦੀ ਨਿਵੇਕਲੀ ਵਿਲੱਖਣ ਪਛਾਣ ਕਾਇਮ ਕਰਨ ਲਈ ਅਸੀਂ ਏਥੇ ਪੰਜਾਬੀ ਭਾਸ਼ਾ ਦੀਆਂ ਆਪਣੀਆਂ ਅੱਡਰੀਆਂ ਤਿੰਨ ਪ੍ਰਮੁਖ ਪ੍ਰਾਕ੍ਰਿਤਾਂ (ਅਪਭ੍ਰੰਸ਼ਾਂ) ਦੀ ਜਾਣ-ਪਛਾਣ ਪੇਸ਼ ਕਰਦੇ ਹਾਂ ਜਿਨ੍ਹਾਂ ਤੋਂ ਪੰਜਾਬੀ ਭਾਸ਼ਾ ਦਾ ਜਨਮ ਹੋਇਆ ਹੈ। ਇਹ ਤਿੰਨ ਪ੍ਰਾਕ੍ਰਿਤਾਂ (ਅਪਭ੍ਰੰਸ਼ਾਂ) ਹਨਃ (੧) ਕੈਕੇਈ ਪ੍ਰਾਕ੍ਰਿਤ (੨) ਮਦ੍ਰ ਪ੍ਰਾਕ੍ਰਿਤ ਅਤੇ (੩) ਟੱਕ ਪ੍ਰਾਕ੍ਰਿਤ ਜਾਂ ਟੱਕ ਭਾਸ਼ਾ। ਇਨ੍ਹਾਂ ਨੂੰ ਪੰਜਾਬੀ ਪ੍ਰਾਕ੍ਰਿਤ ਭਾਸ਼ਾਵਾਂ ਕਹਿ ਸਕਦੇ ਹਾਂ। ਇਨ੍ਹਾਂ ਪ੍ਰਾਕ੍ਰਿਤਾਂ ਦੇ ਹਵਾਲੇ ਸਾਨੂੰ ਪ੍ਰਾਕ੍ਰਿਤ ਭਾਸ਼ਾਵਾਂ ਦੇ ਤਿੰਨ ਤਸਦੀਕਸ਼ੁਦਾ ਵਿਆਕਰਣ ਗ੍ਰੰਥਾਂ (ਗ੍ਰਾਮਰਾਂ) ਵਿਚ ਮਿਲਦੇ ਹਨ। ਉਹ ਵਿਆਕਰਣ ਹਨਃ-

(੧) ਆਚਾਰੀਆ ਪੁਰਸ਼ੋਤਮ ਦਾ ਗ੍ਰੰਥ "ਪ੍ਰਾਕ੍ਰਿਤ ਅਨੁਸ਼ਾਸਨ" (ਗਿਆਰ੍ਹਵੀਂ ਸਦੀ)
(੨) ਅਚਾਰੀਆ ਰਾਮ ਸ਼ਰਮਾ ਤਰਕਵਾਗੀਸ਼ ਦਾ ਗ੍ਰੰਥ "ਪ੍ਰਾਕ੍ਰਿਤ ਕਲਪਤਰੂ"
(੩) ਆਚਾਰੀਆ ਮਾਰਕੰਡੇ ਦਾ ਗ੍ਰੰਥ "ਪ੍ਰਾਕ੍ਰਿਤ ਸਰਵਸਤ" (ਤੇਰ੍ਹਵੀਂ -ਚੌਧਵੀ ਸਦੀ)।

ਉਪਰੋਕਤ ਤਿੰਨ ਪ੍ਰਾਕ੍ਰਿਤ ਵਿਆਕਰਣਾਂ ਵਿਚ ਪੰਜਾਬ ਦੀਆਂ ਤਿੰਨ ਪ੍ਰਾਕ੍ਰਿਤ ਭਾਸ਼ਾਵਾਂ ਦੇ ਤਸਦੀਕਸ਼ੁਦਾ ਪ੍ਰਮਾਣਿਕ ਹਵਾਲੇ ਮਿਲਦੇ ਹਨ। ਇਨ੍ਹਾਂ ਪੰਜਾਬੀ ਪ੍ਰਾਕ੍ਰਿਤਾਂ ਨਾਲ ਅੱਜਕੱਲ ਦੀ ਪੰਜਾਬੀ ਭਾਸ਼ਾ ਦੀ ਤੁਲਨਾ ਤੇ ਟਾਕਰਾ ਕਰਕੇ ਇਹ ਤੱਥ ਸਾਫ ਤੌਰ ਤੇ ਉਭਰਦਾ ਹੈ ਕਿ ਕੈਕੇਈ ਪ੍ਰਾਕ੍ਰਿਤ, ਮਦ੍ਰ ਪ੍ਰਾਕ੍ਰਿਤ ਅਤੇ ਟੱਕ ਭਾਸ਼ਾ, ਇਹ ਤਿੰਨ ਪ੍ਰਾਕ੍ਰਿਤਾਂ ਮਾਡਰਨ, ਪੰਜਾਬੀ ਭਾਸ਼ਾ ਦੀਆਂ ਸ੍ਰੋਤ-ਭਾਸ਼ਾ ਦੇ ਤੌਰ ਤੇ ਸਥਾਪਿਤ ਹੁੰਦੀਆਂ ਹਨ।

ਇਨ੍ਹਾਂ ਵਿਆਕਰਣ ਗ੍ਰੰਥਾਂ ਵਿਚ ਕੈਕੇਈ, ਮਦ੍ਰ ਤੇ ਟੱਕ ਪ੍ਰਾਕ੍ਰਿਤ ਭਾਸ਼ਾ ਦੇ ਜਿਹੜੇ ਖਾਸ ਲੱਛਣ ਦਿੱਤੇ ਗਏ ਹਨ ਉਹ ਬਹੁਤ ਸਾਰੇ ਅਜੋਕੀ ਪੰਜਾਬੀ ਬੋਲੀ ਵਿਚ ਮਿਲਦੇ ਹਨ। ਮਿਸਾਲ ਵਜੋਂ ਮਾਰਕੰਡੇ ਦਾ ਇਕ ਸੰਸਕ੍ਰਿਤ ਸੂਤਰ ਹੈ "ਸਵੀਪਸਾ ਕੈਕੇਈ"। ਵੀਪਸਾ ਦਾ ਅਰਥ ਦੁਹਰਾਉ ਹੈ, ਅਰਥਾਤ ਕੈਕੇਈ ਪ੍ਰਾਕ੍ਰਿਤ ਵਿਚ ਸ਼ਬਦਾਂ ਜਾਂ ਸ਼ਬਦਾਂਸ਼ਾਂ ਦਾ ਦੂਹਰਾ ਉਚਾਰਨ ਹੁੰਦਾ ਹੈ। ਕੈਕੇਈ ਪ੍ਰਾਕ੍ਰਿਤ ਦਾ ਦੂਹਰਾ ਉਚਾਰਨ ਅੱਜ ਵੀ ਪੰਜਾਬੀ ਦੇ ਉਚਾਰਨ ਵਿਚ ਮਿਲਦਾ ਹੈ, ਜਿਵੇਂ ਰੋਟੀ-ਰਾਟੀ, ਚਾਹ-ਚੂਹ, ਪਾਣੀ-ਪੂਣੀ, ਦਾਲ-ਦੂਲ, ਭਾਜੀ-ਭੂਜੀ, ਮੁਕੋ-ਮੁਕੀ, ਹਥੋ-ਹੱਥੀ, ਰਾਤੋ-ਰਾਤ, ਘਰੋ-ਘਰੀ ਆਦਿ। ਇਸ ਤੋਂ ਬਿਨਾ, ਮਾਰਕੰਡੇ ਨੇ ਟੱਕੀ ਪ੍ਰਾਕ੍ਰਿਤ (ਟੱਕ ਭਾਸ਼ਾ) ਦੇ ਕਈ ਲੱਛਣ ਦਿੱਤੇ ਹਨ। ਟੱਕੀ ਦੇ ਵਾਕ ਹਨਃ- "ਮਹੁੰ ਘਰੁ ਸੁੰਦਰ', ਇਸਦਾ ਪੰਜਾਬੀ ਰੂਪ "ਮੇਰਾ ਘਰ ਸੁੰਦਰ ਹੈ"। ਟੱਕੀ "ਘਰਹੁੰ ਚਲਦਿ", ਪੰਜਾਬੀਃ- "ਘਰੋਂ ਚਲਦਾ ਹੈ"। ਪੁਰਾਣੇ ਪੰਜਾਬ ਵਿਚ ਇਹ ਤਿੰਨ ਪ੍ਰਾਕ੍ਰਿਤਾਂ (ਅਪਭ੍ਰੰਸ਼ਾਂ) ਵੱਖ-ਵੱਖ ਇਲਾਕਿਆਂ ਵਿਚ ਬੋਲੀਆਂ ਜਾਂਦੀਆਂ ਸਨ। ਮਸਲਨ ਕੈਕੇਈ ਪ੍ਰਾਕ੍ਰਿਤ ਜਿਹਲਮ-ਚਨਾਬ ਤੇ ਰਾਵੀ ਨਦੀਆਂ ਦੇ ਦਰਮਿਆਨ ਕੈਕੇਯ ਪ੍ਰਦੇਸ਼ ਵਿਚ ਬੋਲੀ ਜਾਂਦੀ ਸੀ। ਇਸੇ ਤਰ੍ਹਾਂ ਰਾਵੀ-ਬਿਆਸ ਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਦੇ ਮਦ੍ਰ-ਪ੍ਰਾਚੀਨ ਤੇ ਮੱਧਕਾਲੀਨ ਪੰਜਾਬ ਹੀ ਦੇਸ ਵਿਚ ਮਦ੍ਰ ਪ੍ਰਾਕ੍ਰਿਤ ਅਤੇ ਟੱਕ ਪ੍ਰਾਕ੍ਰਿਤ ਪੂਰਬੀ ਪੰਜਾਬੀ ਪੰਜਾਬ ਦੇ ਖੇਤਰ ਵਿਚ ਬੋਲੀ ਜਾਂਦੀ ਸੀ। ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਪੰਜਾਬੀ ਭਾਸ਼ਾ ਦਾ ਜਨਮ ਪੰਜਾਬ ਦੀਆਂ ਆਪਣੀਆਂ ਤਿੰਨ ਪ੍ਰਾਕ੍ਰਿਤ ਬੋਲੀਆਂ ਕੈਕੇਈ ਪ੍ਰਾਕ੍ਰਿਤ, ਮਦ੍ਰ ਪ੍ਰਾਕ੍ਰਿਤ ਅਤੇ ਟੱਕ ਪ੍ਰਾਕ੍ਰਿਤ ਤੋਂ ਹੋਇਆ ਹੈ।

## ਪੰਜਾਬੀ ਭਾਸ਼ਾ ਦੀ ਪ੍ਰਾਚੀਨਤਾ

ਪੰਜਾਬੀ ਭਾਸ਼ਾ ਦਾ ਲਿਖਤੀ ਦਸਤਾਵੇਜ਼ੀ ਇਤਿਹਾਸ ਭਾਵੇਂ ੯੦੦-੧੦੦੦ ਈਸਵੀ ਤੋਂ ਮਿਲਣਾ ਸ਼ੁਰੂ ਹੁੰਦਾ ਹੈ ਲੇਕਿਨ ਅਸੀਂ ਪੰਜਾਬੀ ਦੇ ਪੂਰਵ-ਇਤਿਹਾਸ (Pre-History) ਦੇ ਰਾਹੀਂ ਇਹ ਤਸਦੀਕ ਕਰ ਸਕਦੇ ਹਾਂ ਕਿ ਪੰਜਾਬੀ ਬੋਲੀ ਦੀਆਂ ਜੜ੍ਹਾਂ ਦੇ ਚਿੰਨ੍ਹ ਬੀਜ ਰੂਪ ਵਿਚ ਤਾਂ ਬਹੁਤ ਪੁਰਾਣੇ ਜ਼ਮਾਨੇ ਤੋਂ ਮਿਲਦੇ ਹਨ। ਪੰਜਾਬੀ ਦੇ ਬੀਜਾਣੂ ਤੇ ਜੀਵਾਣੂ ਪੰਜਾਬੀ ਤੋਂ ਢੇਰ ਚਿਰ ਪਹਿਲਾਂ ਦੀਆਂ ਬੋਲੀਆਂ ਜਿਵੇਂ ਵੈਦਿਕ ਭਾਸ਼ਾ, ਕਲਾਸੀਕਲ ਸੰਸਕ੍ਰਿਤ ਪਾਲੀ ਭਾਸ਼ਾ, ਸਾਹਿਤਕ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ ਭਾਸ਼ਾਵਾਂ ਦੇ ਵੱਖ ਵੱਖ ਅੰਗਾਂ ਤੇ ਅੰਸ਼ਾਂ ਵਿਚ ਨਜ਼ਰੀਂ ਪੈਂਦੇ ਹਨ ਕਿਉਂਕਿ ਇਨ੍ਹਾਂ ਦੂਰ-ਦੁਰਾਡੇ ਦੀਆਂ ਭਾਸ਼ਾਵਾਂ ਦੇ ਬਹੁਤ ਸਾਰੇ ਤੱਤਾਂ ਵਿਚ ਅਜੋਕੀ ਪੰਜਾਬੀ ਭਾਸ਼ਾ ਦੀਆਂ ਸਾਝਾਂ ਭਲੀ ਪ੍ਰਕਾਰ ਝਲਕਦੀਆਂ ਮਹਿਸੂਸ ਹੁੰਦੀਆਂ ਹਨ। ਇਨ੍ਹਾਂ ਹਮਸ਼ਕਲ ਤੱਤਾਂ ਅਤੇ ਹੋਰ ਭਾਸ਼ਾਈ ਸਾਂਝਾ ਵਿਚ ਅੱਜਕੱਲ ਦੀ ਪੰਜਾਬੀ ਬੋਲੀ ਦੇ ਅਣੂ-ਪਰਮਾਣੂ ਯਕੀਨੀ ਤੌਰ ਤੇ ਸਮਾਏ ਹੋਏ ਵੇਖੇ ਜਾ ਸਕਦੇ ਹਨ।

ਡਾ. ਸਿਆਮ ਦੇਵ ਪਾਰਾਸ਼ਰ (ਹੁਸ਼ਿਆਰਪੁਰ ੧੯੯੩, ਪੰਨਾ ੨੨) ਨੇ ਠੀਕ ਹੀ ਕਿਹਾ ਹੈ ਕਿ "ਪੰਜਾਬੀ ਭਾਸ਼ਾ ਉਸੇ ਹੀ ਭੂਮੀ ਦੀ ਭਾਸ਼ਾ ਹੈ ਜਿੱਥੇ ਰਿਸ਼ੀਆਂ ਦੇ ਉਚਾਰਨ ਕੀਤੇ ਵੇਦ-ਮੰਤਰ ਅਸਮਾਨਾਂ ਤੇ ਗੂੰਜਦੇ ਰਹੇ ਹਨ। ਵੇਦਾਂ ਵਾਲੀ ਭਾਸ਼ਾ ਹੀ ਪੰਜਾਬ ਦੇ ਆਮ ਲੋਕਾਂ ਦੀ ਭਾਸ਼ਾ ਰਹਿ ਚੁੱਕੀ ਹੈ। ਇਸ ਲਈ ਇਹ ਕੁਦਰਤੀ ਹੈ ਕਿ ਪੰਜਾਬੀ ਭਾਸ਼ਾ ਦੀ ਬਣਤਰ ਵਿਚ ਵੈਦਿਕੀ ਬੋਲੀ ਦੀ ਸਾਂਝ, ਹਜ਼ਾਰਾਂ ਸਾਲਾਂ ਦੇ ਵਕਫ਼ੇ ਤੋਂ ਬਾਅਦ ਵੀ ਝਲਕਦੀ ਹੋਵੇ।"

## ਵੈਦਿਕੀ ਬੋਲੀ ਤੇ ਪੰਜਾਬੀ ਦੀ ਸਾਂਝ

ਵੈਦਿਕੀ ਧੁਨੀ-ਅਖਰਾਂ ਨਾਲ ਪੰਜਾਬੀ ਦੀ ਸਾਂਝ ਦੇ ਕਈ ਮਹੱਤਵਪੂਰਨ ਨਮੂਨੇ ਵੇਖੇ ਜਾ ਸਕਦੇ ਹਨ। ਵੈਦਿਕੀ ਭਾਸ਼ਾ ਦੀ ਉਲਟ-ਜੀਭੀ ਧੁਨੀ ਲ.. ਪੰਜਾਬੀ ਵਿਚ ਹੁਣ ਵੀ ਕਾਇਮ ਹੈ ਜਦ ਕਿ ਬਾਕੀ ਹਿੰਦੀ, ਬਿਹਾਰੀ ਆਦਿ ਭਾਰਤੀ ਬੋਲੀਆਂ ਵਿਚ ਗਾਇਬ ਹੈ। ਕਾਲ ਤੇ ਕਾਲ.. ਵਿਚ ਫਰਕ ਹੈ, ਕਾਲ ਤਾਂ ਵਕਤ ਹੈ ਅਤੇ ਕਾਲ.. ਸੋਕਾ ਹੈ। ਵੈਦਿਕ ਵਿਚ "ਪੁਰਖ" ਬੋਲਿਆ ਜਾਂਦਾ ਸੀ ਪੁਰਸ਼ ਨਹੀਂ। ਏਸੇ ਤਰ੍ਹਾਂ ਪੰਜਾਬੀ ਵਿਚ ਅਕਾਲਪੁਰਖ ਹੀ ਉਚਾਰਿਆ ਜਾਂਦਾ ਹੈ। ਪੰਜਾਬੀ ਵਿਚ ਤਿੰਨ ਤਰ੍ਹਾਂ ਦੀ ਟੋਨ (ਸੁਰ-ਪ੍ਰਣਾਲੀ) ਦੀਆਂ ਜੜ੍ਹਾਂ ਵੈਦਿਕ ਭਾਸ਼ਾ ਦੀ ਤਿੰਨ ਤਰ੍ਹਾਂ ਦੀ ਸਵਰ-ਪ੍ਰਕ੍ਰਿਆ ਵਿਚ ਮੌਜੂਦ ਹਨ ਅਰਥਾਤ ਉਦਾਤੇ, ਅਨੁਦਾਤ ਅਤੇ ਸਵਰਿਤ। ਪੰਜਾਬੀ ਵਿਚ ਘੋੜਾ, ਕੋੜ੍ਹਾ, ਕੋੜਾ ਵਿਚ ਜੋ ਅਰਥਾਂ ਵਿਚ ਫਰਕ ਹੈ ਉਹ ਪੰਜਾਬੀ ਟੋਨ ਕਰ ਕੇ ਹੈ। ਸਾਰੀਆਂ ਭਾਰਤੀ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਟੋਨ ਪ੍ਰਧਾਨ ਭਾਸ਼ਾ ਹੈ। ਕਲਾਸੀਕਲ ਸੰਸਕ੍ਰਿਤ ਵਿਚ ਵੀ ਟੋਨ ਨਹੀਂ ਹੈ। ਪੰਜਾਬੀ ਸ਼ਬਦ-ਘੜਨ ਦੀ

ਵਿਉਂਤ-ਵਿਧੀ ਵੈਦਿਕ ਭਾਸ਼ਾ ਵਰਗੀ ਹੈ। ਮਸਲਨ ਪੰਜਾਬੀ ਵਿਚ ਘਰੇ, ਘਰੋਂ, ਘਰੀ ਸ਼ਬਦਾਂ ਦੇ ਅਖੀਰ ਵਿਚ ਜਿਹੜੀਆਂ ਏ, ਓ, ਈ ਲਗਾਂ-ਮਾਤਰਾਂ ਲੱਗੀਆਂ ਹਨ ਉਹ ਵੈਦਿਕ ਭਾਸ਼ਾ ਵਾਂਗੂੰ ਸ਼ਬਦਾਂ ਦੇ ਨਾਲ ਹੀ ਜੁੜੀਆਂ ਹਨ ਅੱਡ ਕਰਕੇ ਨਹੀਂ ਬੋਲੀਆਂ ਜਾਂਦੀਆਂ। `ਘਰੇ` ਦਾ ਅਰਥ ਹੈ ਘਰ ਵਿਚ ਘਰੋਂ ਦਾ ਭਾਵ ਹੈ ਘਰ ਤੋਂ ਅਤੇ ਘਰੀਂ ਦਾ ਅਰਥ ਹੈ ਘਰਾਂ ਵਿਚ। ਇਹ ਪਿਛੇਤਰੀ ਲਗਾਂ-ਮਾਤਰਾਂ ਕਾਰਕੀ ਅਰਥ ਪ੍ਰਗਟ ਕਰਦੀਆਂ ਹਨ। ਇਹ ਪੰਜਾਬੀ ਦੇ ਪ੍ਰਾਚੀਨ ਚਿੰਨ੍ਹ ਹਨ। ਸ਼ਬਦ-ਘਾੜਤ ਦੀ ਇਹ ਰਹੁਰੀਤ ਹਿੰਦੀ-ਉਰਦੂ ਵਿਚ ਉੱਕਾ ਹੀ ਨਹੀਂ ਹੈ।

ਲਹਿੰਦੀ ਪੰਜਾਬੀ ਵਿਚ ਭਵਿਖਤ ਕਾਲ (ਆਉਣ ਵਾਲੇ ਸਮੇਂ) ਦੇ ਜਿਹੜੇ ਰੂਪ ਹਨਃ ਜਿਵੇਂ- ਚਲਸੀ, ਚਲਸਨ, ਕਰਸੀ, ਹੋਸੀ, ਜਾਸੀ- ਉਹ ਵੈਦਿਕੀ ਭਾਸ਼ਾ ਨਾਲ ਪੂਰੀ ਤਰ੍ਹਾਂ ਮਿਲਦੇ-ਜੁਲਦੇ ਹਨ, ਜਿਵੇਂ ਜਨਨੀ ਤੇ ਜਾਈ ਦਾ ਰਿਸ਼ਤਾ ਹੋਵੇ। ਪੰਜਾਬੀ ਤੋਂ ਛੁੱਟ ਇਹ ਰੂਪ ਹੋਰ ਕਿਸੇ ਵੀ ਇੰਡੋ-ਪਾਕ ਬੋਲੀਆਂ ਵਿਚ ਨਹੀਂ ਹਨ। ਇਸ ਤੋਂ ਅੱਗੇ ਪੰਜਾਬੀ ਵਿਚ -ਖਾਣਾ, ਪੀਣਾ, ਰੱਖਣਾ, ਪੜ੍ਹਨਾ, ਲਿਖਣਾ- ਵਗੈਰਾ ਹਜ਼ਾਰਾਂ ਹੀ ਧਾਤੂ ਜਾਂ ਮਸਦਰ (ਰੂਟਸ) ਹਨ ਉਹ ਹੁਣ ਵੀ ਵੈਦਿਕੀ ਭਾਸ਼ਾ ਵਾਂਗੂ ਕਾਇਮ ਹਨ। ਉਨ੍ਹਾਂ ਦੀਆਂ ਜੜ੍ਹਾਂ ਸਾਫ ਤੌਰ ਤੇ ਵੈਦਿਕੀ ਵਿਚ ਦਿਖਾਈ ਦਿੰਦੀਆਂ ਹਨ। ਪੰਜਾਬੀ ਦੇ ਧਾਤੂ-ਮੂਲ ਨਾ ਤਾਂ ਦ੍ਰਾਵਿੜੀ ਭਾਸ਼ਾ ਤੋਂ ਆਏ ਹਨ ਅਤੇ ਨਾ ਹੀ ਮੁੰਡਾ ਭਾਸ਼ਾ ਤੋਂ, ਨਾ ਹੀ ਨੀਗੀਟੋ, ਆਸਟ੍ਰਿਕ ਅਤੇ ਅਰਬੀ ਤੋਂ ਆਏ ਹਨ, ਇਹ ਜੱਦੀ ਘਰ ਦੀ ਪੈਦਾਵਾਰ ਹਨ। ਪੰਜਾਬੀ ਜ਼ਬਾਨ ਵਿਚ ਫਾਰਸੀ-ਅਰਬੀ ਦੇ ਨਾਵਾਂ ਤੋਂ ਬਣਾਏ ਕਿਰਿਆ-ਰੂਪ ਕੋਈ ਪੰਜ-ਸੱਤ ਹੀ ਹਨ ਜਿਵੇਂ ਬਖ਼ਸ਼ਣਾ, ਕਬੂਲਣਾ, ਮਹਿਸੂਸਣਾ। ਪਰ ਇਹ ਮਸਦਰ (ਧਾਤੂ) ਨਹੀਂ ਹਨ ਅਰਥਾਤ Noun ਤੋਂ Verb ਬਣੇ ਹਨ। ਪੰਜਾਬੀ ਵਿਚ ਵੈਦਿਕੀ ਭਾਸ਼ਾ ਵਾਲੀ ਲਫ਼ਜ਼ਾਂ ਦੀ ਬਣਾਵਟ ਵੀ ਬੜੀ ਕਮਾਲ ਦੀ ਹੈ। ਇਕ ਨਮੂਨਾ ਬੜਾ ਹੈਰਾਨੀ-ਜਨਕ ਹੈ। ਪੰਜਾਬੀ ਵਿਚ ਨੀਲੱਤਣ, ਪੀਲੱਤਣ, ਕੁੜੱਤਣ ਆਦਿ ਸ਼ਬਦਾਂ ਵਿਚ ਜਿਹੜਾ ਹਿੱਸਾ -ਤਣ- ਹੈ, ਉਸ ਦੇ ਐਨ ਬਰਾਬਰ ਵੈਦਿਕੀ ਵਿਚ -ਤ੍ਵਨ- ਹੈ। ਪੰਜਾਬੀ ਤੇ ਵੈਦਿਕੀ ਵਾਲਾ -ਤਣ- ਪਿਛੇਤਰ ਨਾ ਹਿੰਦੀ ਵਿਚ ਹੈ, ਨਾ ਉਰਦੂ ਵਿਚ, ਨਾ ਹੋਰ ਕਿਸੇ ਇੰਡੋ-ਪਾਕ ਜ਼ਬਾਨ ਵਿਚ ਹੈ। ਗੁਰਬਾਣੀ ਦੀ ਤੁਕ ਹੈ "ਦਸ ਬਾਲਤਣ ਬੀਸ ਰਵਣ" ਵਿਚ "ਬਾਲਤਣ" ਹੈ। ਉਹ ਨੀਲੱਤਣ ਦੀ ਤਰਜ਼ ਤੇ ਘੜਿਆ ਹੈ। ਅਰਥਾਤ ਬਾਲਪੁਣਾ। ਇਨ੍ਹਾਂ ਮਿਸਾਲਾਂ ਤੋਂ ਜ਼ਾਹਰ ਹੈ ਕਿ ਪੰਜਾਬੀ ਬੋਲੀ ਬਹੁਤ ਪੁਰਾਤਨ ਤੇ ਪ੍ਰਾਚੀਨ ਹੈ।

## ਪਾਲੀ, ਪ੍ਰਾਕ੍ਰਿਤਾਂ ਤੇ ਪੰਜਾਬੀ ਦੀ ਸਾਂਝ

ਵੈਦਿਕ ਭਾਸ਼ਾ ਦਾ ਜ਼ੋਰ ੧੫੦੦ ਪੂ.ਈ. ਤੋਂ ੬੦੦ ਪੂ.ਈ. ਤਕ ਰਿਹਾ, ਉਸ ਤੋਂ ਬਾਅਦ ਪਾਲੀ ਤੇ ਪ੍ਰਾਕ੍ਰਿਤਾ ਦਾ ਵਿਕਾਸ ੬੦੦ ਪੂ.ਈ. ਤੋਂ ੬੦੦ ਈ. ਤਕ ਮੰਨਿਆ ਜਾਂਦਾ ਹੈ। ਵੈਦਿਕ ਭਾਸ਼ਾ ਤੋਂ ਬਾਅਦ ਪਾਲੀ ਪ੍ਰਾਕ੍ਰਿਤਾਂ ਵਿਚ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਮੌਜੂਦ ਹਨ ਕਿਉਂਕਿ ਪੰਜਾਬੀ ਨਾਲ ਪ੍ਰਾਕ੍ਰਿਤ ਭਾਸ਼ਾਵਾਂ ਦੀਆਂ ਸਾਂਝਾਂ ਤੇ ਸਮਾਨਤਾਵਾਂ ਹੋਰ ਵੀ ਨੇੜੇ ਪ੍ਰਾਪਤ ਹੁੰਦੀਆਂ ਹਨ। ਮਿਸਾਲ ਵਜੋਂ, ਪੰਜਾਬੀ ਵਿਚ ਦੋ ਧੁਨੀ-ਅੱਖਰਾਂ ਦਾ ਡਬਲ ਉਚਾਰਨ ਢੇਰਾਂ ਦਾ ਢੇਰ ਹੈ, ਇਹ ਦੁੱਤ-ਧੁਨੀਆਂ ਪ੍ਰਾਕ੍ਰਿਤਾਂ ਤੋਂ ਵਿਰਸੇ ਵਿਚ ਮਿਲੀਆਂ ਹਨ, ਜਿਵੇਂ ਮਿਸਾਲ ਵਜੋਂਃ ਮੱਥਾ, ਦੁੱਧ, ਪੁੱਤ, ਸੱਦ, ਸੱਤ, ਅੱਠ, ਨੱਕ, ਅੱਖ, ਸੱਪ, ਅੱਜ, ਰੱਤਾ, ਅੱਗ...। ਅਧਕ ਵਾਲੀਆਂ ਡਬਲ ਧੁਨੀਆਂ ਦਾ ਇਹ ਵਰਤਾਰਾ ਸਿਰਫ਼ ਤੇ ਸਿਰਫ਼ ਪੰਜਾਬੀ ਵਿਚ ਹੈ ਜਾਂ ਪੰਜਾਬੀ ਦੀ ਮੂਲ ਸਰੋਤ ਭਾਸ਼ਾ ਪ੍ਰਾਕ੍ਰਿਤਾਂ ਵਿਚ ਹੈ। ਹਿੰਦੀ-ਉਰਦੂ ਵਿਚ ਇਹ ਦੁੱਤ-ਧੁਨੀ ਅੱਖਰ ਲੰਮੇ ਹੋ ਕੇ ਇਕਹਿਰੇ ਹੋ ਗਏ ਹਨ ਜਿਵੇਂ ਉੱਪਰਲੀਆਂ ਮਿਸਾਲਾਂ ਵਾਲੇ ਲਫ਼ਜ਼ ਹਿੰਦੀ ਵਿਚ ਮਾਥਾ, ਦੂਧ, ਪੂਤ...., ਸਾਤ, ਆਠ, ਨਾਕ, ਆਂਖ, ਸਾਂਪ, ਆਜ,......, ਆਗ ਬਣ ਗਏ ਹਨ। ਪਰ ਪ੍ਰਾਕ੍ਰਿਤਾਂ ਦੀ ਇਹ ਦੌਲਤ ਪੰਜਾਬੀ ਨੇ ਸੰਭਾਲ ਰੱਖੀ ਹੈ, ਇਉਂ ਪੰਜਾਬੀ ਪੁਰਾਤਨ-ਮੁਖ ਪ੍ਰਾਚੀਨ ਭਾਸ਼ਾ ਹੈ। ਪੰਜਾਬੀ ਦੇ ਬੀਤੇ ਸਮੇਂ ਦੇ ਸੂਚਕ ਬਹੁਤੇ ਰੂਪ ਵੈਦਿਕ ਸੰਸਕ੍ਰਿਤ ਅਤੇ ਪ੍ਰਾਕ੍ਰਿਤਾਂ ਦੇ ਲੈਵਲ ਤੇ ਖੜ੍ਹੇ ਹਨ ਬਦਲੇ ਨਹੀਂ ਹਨ। ਜਦ ਕਿ ਇਹ ਹਿੰਦੀ, ਉਰਦੂ ਅਤੇ ਹੋਰ ਇੰਡੋ-ਪਾਕ ਜ਼ਬਾਨਾਂ ਵਿਚ ਅਣਪਛਾਤੇ ਬਦਲ ਚੁੱਕੇ ਹਨ। ਕੁਝ ਉਦਾਹਰਨ ਹਾਜ਼ਰ ਹਨਃ- ਪੰਜਾਬੀਃ- ਦਿੱਤਾ, ਕੀਤਾ, ਸੁੱਤਾ, ਨ੍ਹਾਤਾ, ਸੀਤਾ, ਜਾਤਾ, ਪੀਤਾ। ਹਿੰਦੀ-ਉਰਦੂਃ- ਦਿਯਾ, ਕਿਯਾ, ਸੋਯਾ, ਨਹਾਤਾ, ਸਿਯਾ, ਜਾਨਾ, ਪਿਯਾ। ਵੈਦਿਕ, ਪ੍ਰਾਕ੍ਰਿਤਃ- ਕ੍ਰਿਤ, ਸੁਪਤ, ਸਨਾਤ, ਸਧੂਤਾ, ਗਿਆਤ, ਪੀਤ। ਪੰਜਾਬੀ ਅਤੇ ਵੈਦਿਕ ਪ੍ਰਾਕ੍ਰਿਤ ਵਿਚ ਇਨ੍ਹਾਂ ਰੂਪਾਂ ਦਾ /-ਤ/ਤੱਤਾ-ਅੱਖਰ ਕਾਇਮ ਹੈ। ਬਾਕੀ ਭਾਰਤੀ ਬੋਲੀਆਂ ਵਿਚ ਲੋਪ ਹੋ ਗਿਆ ਹੈ। ਪੰਜਾਬੀ ਦੀ ਇਹ ਜੱਦੀ ਪ੍ਰਾਚੀਨ ਵਿਸ਼ੇਸ਼ਤਾ ਵੇਖਣ ਯੋਗ ਹੈ। ਇਸ ਤੋਂ ਬਿਨਾਂ, ਪ੍ਰਾਕ੍ਰਿਤ-ਭਾਸ਼ਾਵਾਂ ਵਿਚ ਸ਼ਬਦਾਂ ਦੇ ਮਝਲੇ (ਮੱਧਵਰਤੀ) ਧੁਨੀ-ਅੱਖਰ ਆਮ ਤੌਰ ਤੇ ਲੋਪ ਹੋ ਜਾਂਦੇ ਹਨ। ਪੰਜਾਬੀ ਵਿਚ ਇਹ ਲੋਪ ਵਰਤਾਰਾ ਬਹੁਤਾਤ ਵਿਚ ਮਿਲਦਾ ਹੈ ਜੋ ਕਿ ਪੰਜਾਬੀ ਨੇ ਪ੍ਰਾਕ੍ਰਿਤਾਂ ਤੋਂ ਵਿਰਸੇ ਵਿਚ ਗ੍ਰਹਿਣ ਕੀਤਾ ਹੈ। ਗੁਰਬਾਣੀ ਦੀ ਭਾਸ਼ਾ ਵਿਚ ਲੋਪ ਹੋਏ ਮਝਲੇ ਧੁਨੀ-ਅੱਖਰਾਂ ਵਾਲੇ ਸ਼ਬਦ ਵੱਡੀ ਤਾਦਾਦ ਵਿਚ ਵਰਤੇ ਗਏ ਹਨ। ਮਿਸਾਲ ਵਜੋਂ /ਸੂਈ, ਨੈਣ, ਹੀਆ, ਕੇਲਾ, ਵੈਣ, ਬਾਉਲਾ (ਕਮਲਾ), ਰਾਉ-ਰਾਜਾ, ਗਹਿਰ/ਆਦਿ ਹਜ਼ਾਰਾਂ ਸ਼ਬਦ ਪੰਜਾਬੀ ਅਤੇ ਪ੍ਰਾਕ੍ਰਿਤ ਭਾਸ਼ਾ ਦੋਹਾਂ ਵਿਚ ਸਾਂਝੇ ਤੌਰ ਤੇ ਵਰਤੇ ਜਾਂਦੇ ਹਨ। ਪੰਜਾਬੀ ਤੇ ਪ੍ਰਾਕ੍ਰਿਤਾਂ ਦੀ ਉਪਰੋਕਤ ਸ਼ਬਦਾਵਲੀ ਵੈਦਿਕ ਭਾਸ਼ਾ (ਸੰਸਕ੍ਰਿਤ) ਵਿਚ ਮੂਲ ਰੂਪ ਵਿਚ ਇਉਂ ਹੈਃ- /ਸੂਚੀ, ਨਯਨ, ਹ੍ਰਿਦਯ, ਕਦਲਿ, ਵਚਨ, ਵਯਾਕੁਲ, ਰਾਜਾ, ਗੰਭੀਰ/ਪੰਜਾਬੀ ਬੋਲੀ ਦੇ ਅਜਿਹੇ ਪ੍ਰਾਕ੍ਰਿਤਾਂ ਵਰਗੇ ਸੁਭਾ ਨੂੰ ਵੇਖ ਕੇ ਪੰਜਾਬੀ ਨੂੰ ਮਾਡਰਨ ਪ੍ਰਾਕ੍ਰਿਤ ਕਿਹਾ ਜਾ ਸਕਦਾ ਹੈ।

## ਪੰਜਾਬੀ ਭਾਸ਼ਾ ਦਾ ਨਾਮਕਰਨ

ਇਹ ਸੱਚ ਹੈ ਕਿ ਪੁਰਾਣੇ ਸਮਿਆਂ ਵਿਚ ਪੰਜਾਬ ਦੀ ਭਾਸ਼ਾ ਦਾ ਨਾਮ "ਪੰਜਾਬੀ" ਨਹੀਂ ਸੀ। ਪੰਜਾਬੀ ਨਾਮ ਤਾਂ ਬਹੁਤ ਪਿੱਛੋਂ ਦੀ ਦਾਸਤਾਨ ਹੈ। ਇਤਿਹਾਸਿਕ ਤੌਰ ਤੇ ਜੇਕਰ ਵੇਖੀਏ ਤਾਂ ਪਹਿਲਾਂ-ਪਹਿਲ ਤਤਕਾਲੀ ਪੰਜਾਬ ਦੀ ਭਾਸ਼ਾ ਨੂੰ ਸਪਤ-ਸਿੰਧੂ ਕਿਹਾ ਜਾਣ ਲੱਗਾ ਕਿਉਂਕਿ ਵੈਦਿਕ ਜ਼ਮਾਨੇ ਵਿਚ ਪੰਜਾਬ ਦੇਸ਼ ਦਾ ਨਾਮ ਸਪਤ-ਸਿੰਧੂ ਸੀ ਯਾਨੀ ਸੱਤ ਨਦੀਆਂ ਦਾ ਦੇਸ਼। ਇਸੇ "ਸਿੰਧਵੀ" ਤੋਂ ਮੁਸਲਮਾਨੀ ਜ਼ਮਾਨੇ ਵਿਚ "ਹਿੰਦਵੀ" ਨਾਮ ਨਿਕਲਿਆ ਹੈ। ਪੁਰਾਣੇ ਪੰਜਾਬ ਵਿਚ ਨਵੇਂ ਆਏ ਅਰਬੀ ਮੁਸਲਮਾਨ ਪੰਜਾਬ ਦੇਸ਼ ਨੂੰ "ਅਲਹਿੰਦ" ਅਤੇ ਇਸਦੇ ਜ਼ਬਾਨ ਨੂੰ "ਹਿੰਦਵੀ" ਕਿਹਾ ਕਰਦੇ ਸਨ। ਅਤੇ ਇਹ ਹਿੰਦਵੀ ਨਾਮ ਚੌਧਵੀ ਸਦੀ ਦੇ ਅਮੀਰ ਖੁਸਰੋ ਦੇ ਜ਼ਮਾਨੇ ਤਕ ਚਾਲੂ ਰਿਹਾ। ਬੁਨਿਆਦੀ ਤੌਰ ਤੇ ਹਿੰਦਵੀ ਨਾਮ ਪੰਜਾਬੀ ਬੋਲੀ ਵਾਸਤੇ ਹੀ ਸੀ। ਪਰ ਜਦੋਂ ਮੁਸਲਮਾਨ ਪੰਜਾਬ ਤੋਂ ਅੱਗੇ ਵਧ ਕੇ ਦਿੱਲੀ ਦੇ ਆਸਪਾਸ ਆਬਾਦ ਹੋਣ ਲੱਗੇ ਤਾਂ ਦਿੱਲੀ ਦੇ ਆਲੇ-ਦੁਆਲੇ ਦੀ ਬੋਲੀ ਨੂੰ ਹਿੰਦਵੀ ਕਿਹਾ ਜਾਣ

ਲੱਗਾ। ਹਿੰਦਵੀ ਤੋਂ ਹੀ ਸਮਾਂ ਪਾਕੇ ਹਿੰਦੀ ਜਾਂ "ਹਿੰਦੀ ਨਾਗਰੀ' (ਖੜ੍ਹੀ ਬੋਲੀ) ਨਾਮ ਨਿਕਲਿਆ ਹੈ। ਭਾਰਤ ਦੀ ਅਜੋਕੀ ਰਾਸ਼ਟਰੀ ਭਾਸ਼ਾ ਦਾ ਜਿਹੜਾ ਹਿੰਦੀ ਨਾਮ ਪ੍ਰਸਿੱਧ ਹੈ ਇਹ ਨਾਮ ਪੰਜਾਬ ਵਲੋਂ ਭਾਰਤੀ ਸੰਸਕ੍ਰਿਤੀ ਨੂੰ ਇਕ ਮਹਾਨ ਦੇਣ ਹੈ। ;
ਸਪਤਸਿੰਧਵੀ" ਤੋਂ ਬਾਅਦ, ਪੰਜਾਬ ਦੇ ਮਹਾਨ ਵਿਆਕਰਣ-ਰਚੈਤ ਪਾਣਿਨੀ ਦੇ ਜ਼ਮਾਨੇ ਵਿਚ ਪੰਜਾਬ ਦੀ ਬੋਲੀ ਦਾ ਨਾਮ ਵਾਹੀਕੀ ਜਾਂ "ਵਾਹਲੀਕੀ" ਵੀ ਪ੍ਰਚਲਿਤ ਰਿਹਾ ਹੈ ਕਿਉਂਕਿ ਪੁਰਾਣੇ ਪੰਜਾਬ ਦੀ ਭੂਮੀ ਨੂੰ ਉਦੋਂ ਵਾਹੀਕ ਜਾਂ ਵਾਹਲੀਕ ਕਿਹਾ ਜਾਂਦਾ ਸੀ। ਵਾਹੀਕ ਤੋਂ ਹੀ ਅੱਜ ਵਾਹੀਕਾਰ (ਕਿਸਾਨ) ਸ਼ਬਦ ਨਿਕਲਿਆ ਹੈ। ਉਸ ਤੋਂ ਇਲਾਵਾ ਮਹਾਂਭਾਰਤ ਤੇ ਰਾਮਾਇਣ ਦੇ ਯੁਗ ਵਿਚ ਪੂਰਾ ਪੰਜਾਬ ਦਾ ਨਾਮ ਪੰਚਨਦ ਸੀ ਜਿਸ ਦਾ ਅਰਥ ਪੰਜ ਦਰਿਆਵਾਂ ਦੀ ਧਰਤੀ ਹੈ। "ਪੰਜਨਦ" ਸੰਸਕ੍ਰਿਤ ਦਾ ਸ਼ਬਦ ਹੈ ਜਿਸਦਾ ਐਨ ਫਾਰਸੀ ਤਰਜਮਾ "ਪੰਜੈਂਆ" ਹੈ ਯਾਨੀ ਪੰਜ ਪਾਣੀਆਂ ਅਰਥਾਤ ਪੰਜ ਨਦੀਆਂ ਦਾ ਦੇਸ਼। ਸੱਤਵੀ-ਅੱਠਵੀ ਸਦੀਆਂ ਵਿਚ ਫਾਰਸੀ-ਅਰਬੀ ਬੋਲਣ ਵਾਲੇ ਵਿਦੇਸ਼ੀ ਲੋਕ ਜਦੋਂ ਸਿੰਧ-ਪੰਜਾਬ ਦੀ ਧਰਤੀ 'ਤੇ ਚੜ੍ਹਾਈਆਂ ਕਰ ਕੇ ਆਉਣ ਲੱਗੇ ਤਾਂ ਉਦੋਂ ਉਨ੍ਹਾਂ ਨੇ ਇਸ ਭੂਮੀ ਨੂੰ ਪੰਜਾਬ ਕਿਹਾ ਅਤੇ ਪੰਜਾਬ ਨਾਲ ਸਬੰਧਿਤ ਹੋਣ ਕਰਕੇ ਇਸ ਦੀ ਬੋਲੀ ਨੂੰ ਹੌਲੀ ਹੌਲੀ ਪੰਜਾਬੀ ਕਿਹਾ ਜਾਣ ਲੱਗਾ। ਮਹਾਭਾਰਤ-ਰਮਾਇਣ ਦੇ ਜ਼ਮਾਨੇ ਦੇ ਪੰਜਨਦ ਪ੍ਰਦੇਸ਼ ਵਿਚ ਵੱਖ ਵੱਖ ਭੂਗੋਲਿਕ ਨਾਂਵਾਂ ਮੁਤਾਬਿਕ ਕਈ ਇਲਾਕਾਈ ਉਪਬੋਲੀਆਂ ਪ੍ਰਚਲਿਤ ਸਨ ਜਿਨ੍ਹਾਂ ਨੂੰ ਪ੍ਰਾਕ੍ਰਿਤ ਬੋਲੀਆਂ ਕਿਹਾ ਜਾਂਦਾ ਹੈ। ਪੰਜਾਬ ਦੀਆਂ ਇਹ ਪ੍ਰਾਕ੍ਰਿਤ ਬੋਲੀਆਂ ਅੱਜ ਪੰਜਾਬੀ ਦੀਆਂ ਸਰੋਤ-ਭਾਸ਼ਾਵਾਂ ਹਨ ਜਿਨ੍ਹਾਂ ਤੋਂ ਪੰਜਾਬੀ ਭਾਸ਼ਾ ਦਾ ਜਨਮ ਹੋਇਆ ਹੈ। ਪੁਰਾਣੇ ਪੰਜਾਬ ਦੀਆਂ ਇਨ੍ਹਾਂ ਪ੍ਰਾਕ੍ਰਿਤ ਉਪਬੋਲੀਆਂ ਵਿੱਚ ਹੇਠ ਲਿਖੀਆਂ ਸ਼ਾਮਲ ਹਨਃ-
(੧) ਪ੍ਰਾਚੀਨ ਪੰਜਾਬ ਦੇ ਉੱਤਰ-ਪੱਛਮੀ ਖੂੰਜੇ ਤੇ ਸਥਿਤ ਗਾਂਧਾਰ ਪ੍ਰਾਂਤ (ਅਜੋਕਾ ਕਾਬਲ-ਕੰਧਾਰ) ਦੀ ਬੋਲੀ ਗਾਂਧਾਰੀ। ਗਾਂਧਾਰੀ ਬੋਲੀ ਵੀ ਹੈ ਗਾਂਧਾਰੀ ਮਹਾਂਭਾਰਤ ਵਿਚ ਕੌਰਵਾਂ ਦੀ ਜਨਨੀ-ਮਾਂ ਵੀ ਹੈ, ਕਿਉਂਕਿ ਇਹ ਮਹਾਰਾਣੀ ਗਾਂਧਾਰ ਪ੍ਰਾਂਤ ਦੇ ਰਾਜਾ ਦੀ ਰਾਜਕੁਮਾਰੀ ਸੀ।
(੨) ਕੈਕੇਯ ਇਲਾਕੇ ਦੀ ਕੈਕੇਈ ਬੋਲੀ (ਰਾਮਾਇਣ ਮਹਾਂਕਾਵਿ ਵਿਚ ਭਗਵਾਨ ਰਾਮ ਦੇ ਭਾਈ ਭਰਤ ਦੀ ਮਾਤਾ ਕੈਕੇਈ ਦਾ ਜਿਕਰ ਹੈ, ਇਹ ਕੈਕੇਯ-ਨਰੇਸ਼ ਦੀ ਰਾਜਕੁਮਾਰੀ ਸੀ।
(੩) ਮਦ੍ਰ ਖੇਤਰ ਦੀ ਮਦ੍ਰ ਉਪਭਾਸ਼ਾ (ਮਦ੍ਰ ਪ੍ਰਾਕ੍ਰਿਤ)। ਮਦ੍ਰ ਦੇਸ਼ ਦੇ ਰਾਜੇ ਦੀ ਰਾਜਕੁਮਾਰੀ ਮਾਦ੍ਰੀ ਦਾ ਮਹਾਂਭਾਰਤ ਵਿਚ ਵਰਣਨ ਹੈ ਜੋ ਕਿ ਨਕੁਲ ਤੇ ਸਹਿਦੇਵ ਦੇ ਮਾਤਾ ਸਨ, ਉਸ ਮਾਦ੍ਰੀ ਦੇ ਪੇਕੇ ਪੰਜਾਬ ਵਿਚ ਸਨ।
(੪) ਸੌਵੀਰ ਇਲਾਕੇ ਦੀ ਸੋਵੀਰੀ (ਜਿਸ ਨੂੰ ਅੱਜਕਲ੍ਹ ਪਾਕਿਸਤਾਨ ਵਿਚ 'ਸਿਰਾਇਕੀ' ਕਿਹਾ ਜਾਂਦਾ ਹੈ) ਸਾਡੇ ਸਮਕਾਲੀ ਯੁਗ ਵਿਚ ਪੰਜਾਬੀ ਦੀਆਂ ਜਿਹੜੀਆਂ ਉਪਬੋਲੀਆਂ ਹਨ ਉਹ ਪੰਜਾਬ ਦੇ ਵੱਖ-ਵੱਖ ਇਲਾਕਿਆਂ ਦੇ ਨਾਂਵਾਂ ਅਨੁਸਾਰ ਹੀ ਜਾਣੀਆਂ ਜਾਂਦੀਆਂ ਹਨ। ਉਹ ਹਨਃ- ਮਾਝੀ, ਮਲਵਈ, ਦੋਆਬੀ, ਪੁਆਧੀ, ਮੁਲਤਾਨੀ, ਝਾਂਗ, ਪੋਠੋਹਾਰੀ, ਧੰਨੀ, ਅਵਾਣਕਾਰੀ, ਪਹਾੜ ਦੀਆਂ ਬੋਲੀਆਂ। ਪਰ ਟਕਸਾਲੀ ਤੇ ਕੇਂਦਰੀ ਭਾਸ਼ਾ ਦੀ ਹੈਸੀਅਤ ਵਿਚ, ਇਸ ਮਿਲੈਨੀਅਮ ਦੌਰਾਨ ਪੰਜਾਬ ਦੀ ਭਾਸ਼ਾ ਦਾ ਪੰਜਾਬੀ ਨਾਮ ਹੀ ਪ੍ਰਚਲਿਤ ਤੇ ਪ੍ਰਵਾਨਿਤ ਹੈ। ਅੱਜ-ਕੱਲ੍ਹ ਟਕਸਾਲੀ ਕੇਂਦਰੀ ਪੰਜਾਬੀ ਭਾਸ਼ਾ ਭਾਰਤੀ ਪੰਜਾਬ ਪ੍ਰਾਂਤ ਵਿਚ ਰਾਜ-ਭਾਸ਼ਾ ਦੀ ਪਦਵੀ ਤੇ ਸੁਸ਼ੋਭਿਤ ਹੈ।

## ਪੰਜਾਬੀ ਭਾਸ਼ਾ ਹਿੰਦੀ ਤੋਂ ਪੁਰਾਣੀ

ਪੰਜਾਬੀ ਭਾਸ਼ਾ ਦੀਆਂ ਜੱਦੀ ਵਿਸ਼ੇਸ਼ਤਾਵਾਂ ਦੀ ਤਲਾਸ਼ ਵਿਚ, ਪੰਜਾਬੀ ਦੀ ਇਹ ਵਿਸ਼ੇਸ਼ਤਾ ਵੀ ਉਭਰਦੀ ਹੈ ਕਿ ਪੰਜਾਬੀ ਭਾਸ਼ਾ ਹਿੰਦੀ ਭਾਸ਼ਾ ਨਾਲੋਂ ਪੁਰਾਣੀ ਹੈ। ਇਸ ਮਨੌਤ ਦੀ ਵਿਗਿਆਨਿਕ ਸਬੂਤਾਂ ਨਾਲ ਤਸਦੀਕ ਕੀਤੀ ਜਾ ਸਕਦੀ ਹੈ। ਇੰਡੋ-ਪਾਕ ਆਰੀਆਈ ਜ਼ਬਾਨਾਂ ਦਾ ਇਤਿਹਾਸਿਕ ਵਿਕਾਸ ਤਿੰਨ ਪੜਾਵਾਂ ਵਿਚੋਂ ਗੁਜ਼ਰਦਾ ਹੈ। ਪਹਿਲਾ ਪੜਾ ਪ੍ਰਾਚੀਨ ਭਾਸ਼ਾ ਦਾ ਹੈ, ਦੂਜਾ ਪੜਾ ਮੱਧ ਕਾਲੀ ਭਾਸ਼ਾ ਸ਼ਰੇਣੀ ਦਾ ਹੈ। ਤੀਜਾ ਪੜਾ ਅਜੋਕੀਆਂ ਜਿਉਂਦੀਆਂ ਜਾਗਦੀਆਂ ਬੋਲੀਆਂ ਦਾ ਹੈ। ਪੰਜਾਬੀ ਭਾਸ਼ਾ ਭਾਵੇਂ ਤੀਜੇ ਪੜਾ 'ਤੇ ਅੱਪੜ ਚੁੱਕੀ ਹੈ ਪਰੰਤੂ ਪੰਜਾਬੀ ਦੀ ਬਣਤਰ ਤੇ ਬਣਾਵਟ ਦੂਜੇ ਪੜਾ ਦੀਆਂ ਪ੍ਰਾਕ੍ਰਿਤ ਭਾਸ਼ਾਵਾਂ ਨਾਲ ਸੰਘਣਾ ਮੇਲ ਰੱਖਦੀ ਹੈ। ਪੰਜਾਬੀ ਦੇ ਮੁਕਾਬਲੇ ਵਿਚ "ਆਧੁਨਿਕ ਹਿੰਦੀ ਭਾਸ਼ਾ" ਤੀਜੇ ਪੜਾ ਤੇ ਪੂਰੀ ਤਰ੍ਹਾਂ ਵਿਚਰ ਰਹੀ ਹੈ ਅਤੇ ਉਸ ਨੇ ਪ੍ਰਾਕ੍ਰਿਤਾਂ ਅਤੇ ਅਪ ਭ੍ਰੰਸ਼ ਭਾਸ਼ਾਵਾਂ ਦੀ ਕੁੰਜ ਉਤਾਰ ਦਿੱਤੀ ਹੈ। ਇਸ ਤਰ੍ਹਾਂ ਹਿੰਦੀ ਭਾਸ਼ਾ ਪ੍ਰਾਕ੍ਰਿਤਾਂ ਦੀ ਦੌਲਤ ਤੋਂ ਵਾਂਝੀ ਹੋ ਚੁੱਕੀ ਹੈ, ਜਦ ਕਿ ਪੰਜਾਬੀ ਭਾਸ਼ਾ ਨੇ ਇਸ ਪੁਰਾਤਨ ਦੌਲਤ ਤੇ ਵਿਰਾਸਤ ਨੂੰ ਅੰਗ-ਸੰਗ ਸੰਭਾਲ ਰੱਖਿਆ ਹੈ। ਹੁਣ ਅਸੀਂ ਇਸ ਵਿਚਾਰ-ਬਿੰਦੂ ਤੋਂ ਪੰਜਾਬੀ ਤੇ ਹਿੰਦੀ ਭਾਸ਼ਾ ਦਾ ਮੁਕਾਬਲਾ ਪੇਸ਼ ਕਰਦੇ ਹਾਂ। ਪਹਿਲਾਂ ਧੁਨੀ-ਉਚਾਰਨ ਦੀ ਗੱਲ ਕਰਦੇ ਹਾਂ। ਪੰਜਾਬੀ ਭਾਸ਼ਾ ਦਾ ਇਹ ਕਮਾਲ ਹੈ ਕਿ ਇਸ ਨੇ ਢਾਈ-ਤਿੰਨ ਹਜ਼ਾਰ ਸਾਲ ਪੁਰਾਣੀ ਪਹਿਲੇ ਪੜਾ ਦੀ ਵੈਦਿਕ ਭਾਸ਼ਾ ਦੀਆਂ ਕਈ ਧੁਨੀ-ਇਕਾਈਆਂ ਦੇ ਉਚਾਰਨ ਨੂੰ ਅਜੇ ਵੀ ਸੰਭਾਲ ਕੇ ਰੱਖਿਆ ਹੈ, ਪਰ ਗ਼ਜ਼ਬ ਦੀ ਗੱਲ ਹੈ ਕਿ ਅਜਿਹੀਆਂ ਪਰਾਤਨ ਵੈਦਿਕ ਧੁਨੀਆਂ ਪੰਜਾਬੀ ਦੀ ਗੁਆਂਢਣ ਭਾਸ਼ਾ ਹਿੰਦੀ ਵਿਚ ਗਾਇਬ ਹਨ। ਇਹ ਬੜੀ ਅਦਭੁਤ ਸਚਾਈ ਹੈ ਕਿ ਪੰਜਾਬੀ ਬੋਲਦੇ ਲੋਕਾਂ ਦੇ ਸੰਘ, ਕੰਠ, ਹੋਂਠ, ਤਾਲੂਆਂ ਅਤੇ ਮੂੰਹ-ਪੋਲ ਦਾ ਸਾਰਾ ਧੁਨੀ-ਯੰਤਰ (Organs of speech) ਵੈਦਿਕ ਬੋਲੀ ਬੋਲਣ ਵਾਲੇ ਰਿਸ਼ੀਆਂ ਦੇ ਧੁਨੀ-ਯੰਤਰ ਵਾਂਗੂ ਲਚਕੀਲਾ, ਬੋਲਣ ਵਿਚ ਪੂਰਾ ਸੂਰਾ ਤੇ ਹਰ ਉਚਾਰਨ ਵਿਚ ਕੁਸ਼ਲ ਹੈ। ਇਹੋ ਕਾਰਨ ਹੈ ਕਿ ਪੰਜਾਬੀ ਬੋਲਣ ਵਾਲੇ ਲੋਕ ਮੌਕੇ ਮੁਤਾਬਕ ਸਹਿਜੇ ਹੀ ਦੋ ਤਰ੍ਹਾਂ ਦੀ /ਲੱਲਾ/ ਧੁਨੀ ਉਚਾਰਦੇ ਹਨ। ਇਕ ਹੈ ਦੰਤੀ ਲੱਲਾ-ਧੁਨੀ ਜਿਵੇਂ ਬੋਲੀ ਤੇ ਗੋਲੀ, ਅਤੇ ਦੂਜੀ ਹੈ ਉਲਟ ਜੀਭੀ ਕੋਮਲ ਲੱਲਾ-ਧੁਨੀ ਜਿਵੇਂ ਬੋਲ਼ੀ (ਬਹਿਰੀ) ਅਤੇ ਗੋਲ਼ੀ (ਬੰਦੂਕ ਦੀ ਗੋਲੀ) ਏਥੇ ਲੱਲੇ ਦੇ ਪੈਰੀਂ ਬਿੰਦੀ ਪਾਈ ਹੈ। ਇਹ ਦੂਜੀ /ਲ਼/ਧੁਨੀ ਪ੍ਰਾਚੀਨ ਵੈਦਿਕ ਭਾਸ਼ਾ ਦੀ ਦੇਣ ਹੈ ਜਿਸ ਨੂੰ ਪੰਜਾਬੀ ਭਾਸ਼ਾ ਨੇ ਸਾਰਥਕ ਤੌਰ ਤੇ ਹੁਣ ਤਕ ਸੰਭਾਲ ਕੇ ਰੱਖਿਆ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਮਹੱਤਵਪੂਰਨ ਵੈਦਿਕ ਉਲਟ ਜੀਭੀ/ਲ਼/ਧੁਨੀ ਦਾ ਹਿੰਦੀ ਭਾਸ਼ਾ ਵਿਚ ਕੋਈ ਨਾਮੋ-ਨਿਸ਼ਾਨ ਹੀ ਨਹੀਂ ਹੈ। ਹਿੰਦੀ ਜਾਂ ਉਰਦੂ ਬੋਲਣ ਵਾਲੇ ਬੁਲਾਰੇ ਪੂਰੀ ਵਾਹ ਲਾ ਕੇ ਵੀ ਪੰਜਾਬੀ ਦੀ ਇਸ ਉਲ.ਟ-ਜੀਭੀ /ਲ਼/ਧੁਨੀ ਨੂੰ ਨਹੀਂ ਬੋਲ ਸਕਦੇ। ਇਹ ਵੀ ਵਰਣਨਯੋਗ ਹੈ ਕਿ ਜਿਵੇਂ ਜਿਵੇਂ ਅਸੀਂ ਇੰਡੋ-ਪਾਕ ਪੰਜਾਬ ਦੇ ਅੰਦਰੂਨੀ ਪਿੰਡਾਂ ਵੱਲ ਜਾਂਦੇ ਹਾਂ, ਤਾਂ ਪੰਜਾਬੀ ਦੀ ਇਹ ਉਲਟ-ਜੀਭੀ ਧੁਨੀ ਵੱਧ ਤੋਂ ਵੱਧ ਬੋਲੀ ਜਾਂਦੀ ਹੈ। ਨਿਸ਼ਚੇ ਹੀ ਪੰਜਾਬੀ ਭਾਸ਼ਾ ਦੇ ਕਈ ਧੁਨੀ-ਅੱਖਰ ਹਿੰਦੀ ਨਾਲੋਂ ਬਹੁਤ ਪੁਰਾਣੇ ਤੇ ਪੂਰਵਵਰਤੀ ਹਨ। ਜਿਵੇਂ ਕਿ ਪਹਿਲਾਂ ਵੀ ਵਰਣਨ ਕੀਤਾ ਗਿਆ ਹੈ ਕਿ ਪੰਜਾਬੀ ਟੋਨ-ਪ੍ਰਧਾਨ (ਸੁਰਾਤਮਕ ਭਾਸ਼ਾ) ਭਾਸ਼ਾ ਹੈ। ਪੰਜਾਬੀ ਵਿਚ ਤਿੰਨ ਟੋਨ ਯਾਨੀ ਤਿੰਨ ਸੁਰਾਂ ਹਨ ਜਿਹੜੀਆਂ

ਕਿ ਧੁਨੀਆਂ ਨਾਲ ਜੁੜਕੇ ਅਰਥ-ਭੇਦ ਕਰਨ ਦੀ ਸ਼ਕਤੀ ਰਖਦੀਆਂ ਹਨ। ਪੰਜਾਬੀ ਦੇ ਤਿੰਨ ਸ਼ਬਦਾਂ/ਘਰ, ਸੰਘੇੜਾ, ਸਿੰਘ/ਵਿਚ ਉੱਚੀ, ਮਝਲੀ ਤੇ ਨੀਵੀਂ ਤਿੰਨ ਸੁਰਾਂ ਹਨ। ਏਥੇ ਇਕੋ ਘੱਘਾ ਅੱਖਰ ਤਿੰਨ ਤਰ੍ਹਾਂ ਦੀਆਂ ਹਾਲਤਾਂ ਕਰਕੇ ਤਿੰਨ ਉਚਾਰਨ ਦਿੰਦਾ ਹੈ। ਇਹ ਉਚਾਰਨ ਟੋਨ ਦਾ ਹੀ ਨਤੀਜਾ ਹੈ। ਪੰਜਾਬੀ ਦੀਆਂ ਇਨ੍ਹਾਂ ਤਿੰਨ ਤਰ੍ਹਾਂ ਦੀ ਟੋਨ ਦੀਆਂ ਜੜ੍ਹਾਂ ਵੈਦਿਕ ਭਾਸ਼ਾ ਵਿਚ ਮਿਲਦੀਆਂ ਹਨ। ਵੈਦਿਕੀ ਵਿਚ ਤਿੰਨ ਕਿਸਮ ਦੀ ਟੋਨ ਨੂੰ /ਉੱਦਾਤ, ਅਨੁਦਾਤ, ਸਵਰਿਤ/ਕਿਹਾ ਜਾਂਦਾ ਸੀ। ਪਰ ਹਿੰਦੀ ਭਾਸ਼ਾ ਵਿਚ ਵੈਦਿਕ ਭਾਸ਼ਾ ਵਾਲੀ ਇਕ ਵੀ ਟੋਨ (ਸੁਰ) ਨਹੀਂ ਹੈ। ਪੰਜਾਬੀ ਦੀ ਇਹ ਟੋਨ-ਪ੍ਰਨਾਲੀ ਪੰਜਾਬੀ ਨੂੰ ਹਿੰਦੀ ਦੇ ਮੁਕਾਬਲੇ ਵਿਚ ਬਹੁਤ ਪ੍ਰਾਚੀਨ ਸਾਬਤ ਕਰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਹਿੰਦੀ, ਉਰਦੂ ਵਾਲੇ ਬੁਲਾਰੇ ਪੰਜਾਬੀ ਦਾ ਟੋਨ ਉਚਾਰਨ ਵਾਲਾ ਲਫ਼ਜ਼ ਨਹੀਂ.꞉ ਬੋਲ ਸਕਦੇ ਜਿਵੇਂ /ਘਰ, ਧੀ, ਭਾਈ/ ਨੂੰ ਹਿੰਦੀ ਬੁਲਾਰਾ ਗ੍ਹਰ, ਦ੍ਹੀ, ਬਾਈ/ ਹੀ ਉਚਾਰੇਗਾ। ਇਹ ਕੁਦਰਤ ਦਾ ਕ੍ਰਿਸ਼ਮਾ ਹੀ ਹੈ ਕਿ ਪੰਜਾਬੀ ਬੁਲਾਰੇ ਘਰ ਤੇ ਗ੍ਹਰ ਦੋਵੇਂ ਤਰ੍ਹਾਂ ਦਾ ਉਚਾਰਨ ਬੋਲਣ ਵਿਚ ਸਮਰੱਥ ਹਨ।

"ਪੰਜਾਬੀ ਹਿੰਦੀ ਤੋਂ ਪੁਰਾਣੀ ਹੈ" ਇਸ ਮਨੌਤ ਨੂੰ ਸਿੱਧ ਕਰਨ ਲਈ ਹੋਰ ਵੀ ਕਸਵੱਟੀ ਹੈ ਉਹ ਹੈ ਪੰਜਾਬੀ ਸ਼ਬਦ-ਭੰਡਾਰ ਅਤੇ ਹਿੰਦੀ ਸ਼ਬਦ-ਭੰਡਾਰ ਦਾ ਟਾਕਰਾ ਅਤੇ ਦੋਹਾਂ ਦੀ ਤੁਲਨਾ। ਪਹਿਲੀ ਗੱਲ ਤਾਂ ਇਹ ਹੈ ਕਿ ਹਿੰਦੀ ਸ਼ਬਦ-ਭੰਡਾਰ ਦਾ ਇਤਿਹਾਸਕ ਵਿਕਾਸ ਤਿੰਨ ਪੜਾਵਾਂ ਨੂੰ ਪਾਰ ਕਰ ਕੇ ਹੁਣ ਵਾਲੀ ਸ਼ਕਲ ਤਕ ਪਹੁੰਚਿਆ ਹੈ। ਜਿੱਥੇ ਕਿ ਪੰਜਾਬੀ ਸ਼ਬਦ-ਭੰਡਾਰ ਵਿਕਾਸ ਦੇ ਦੂਜੇ ਪੜਾ ਤੇ ਹੀ ਕਾਇਮ ਹੈ, ਇਸ ਦਾ ਇਹ ਮਤਲਬ ਹੈ ਕਿ ਪੰਜਾਬੀ ਵਿਚ ਅਦਲਾ-ਬਦਲੀ (ਪਰਿਵਰਤਨ) ਦੀ ਦਰ ਬਹੁਤ ਘੱਟ ਹੈ। ਹਿੰਦੀ ਸ਼ਬਦ-ਭੰਡਾਰ ਦੇ ਵਿਕਾਸ-ਪੜਾਵਾਂ ਦਾ ਰੇਖਾ ਚਿੱਤਰ ਵੇਖੋਃ-

| ਪਹਿਲਾ ਪੜਾ | ਦੂਜਾ ਪੜਾ | ਤੀਜਾ ਪੜਾ |
|---|---|---|
| ਅਗਨਿ | ਅੱਗ | ਆਗ |
| ਹਸਤ | ਹੱਥ | ਹਾਥ |
| ਦੁਗਧ | ਦੁੱਧ | ਦੂਧ |
| ਅਸ਼ਟ | ਅੱਠ | ਆਠ |
| ਸਰਪ | ਸੱਪ | ਸਾਂਪ |
| ਸਪਤ | ਸੱਤ | ਸਾਤ |
| ਅਕਸ਼ਿ | ਅੱਖ | ਆਂਖ |

ਉਪਰੋਕਤ ਰੇਖਾ-ਚਿੱਤਰ ਤੋਂ ਜ਼ਾਹਰ ਹੈ ਕਿ ਹਿੰਦੀ ਵਿਚ ਜਿਹੜੇ ਲਫ਼ਜ਼ /ਆਗ, ਹਾਥ, ਦੂਧ। ਵਗੈਰਾ ਹਨ ਉਹ ਪਹਿਲਾਂ ਦੋ ਪੜਾ ਪਾਰ ਕਰਕੇ ਤੀਜੇ ਪੜਾ ਤਕ ਪਹੁੰਚੇ ਹਨ ਅਤੇ ਬਦਲ ਚੁੱਕੇ ਹਨ, ਪਰ ਹਿੰਦੀ ਦੇ ਮੁਕਾਬਲੇ ਵਿਚ ਪੰਜਾਬੀ ਜ਼ਬਾਨ ਦੇ ਲਫ਼ਜ਼/ਅੱਗ, ਹੱਥ, ਦੁੱਧ, ਅੱਖ/ ਵਗੈਰਾ ਦੂਜੇ ਪੜਾ 'ਤੇ ਹੀ ਸਥਿਰ ਖੜ੍ਹੇ ਹਨ, ਪੰਜਾਬੀ ਲਫ਼ਜ਼ਾਂ ਵਿਚ ਢਾਈ ਹਜ਼ਾਰ ਸਾਲਾਂ ਤੋ ਕੋਈ ਤਬਦੀਲੀ ਨਹੀਂ ਵਾਪਰੀ। ਕਿਉਂਕਿ ਢਾਈ ਹਜ਼ਾਰ ਸਾਲ ਪਹਿਲਾਂ ਬੁੱਧ ਧਰਮ ਦੁਆਰਾ ਅਪਣਾਈ ਗਈ ਪਾਲੀ ਪ੍ਰਾਕ੍ਰਿਤ ਭਾਸ਼ਾ ਵਿਚ ਪੰਜਾਬੀ ਸ਼ਕਲ ਵਾਲੇ ਹਜ਼ਾਰਾਂ ਹੀ ਸ਼ਬਦ (ਜਿਵੇਂ ਅੱਗ, ਹੱਥ, ਦੁੱਧ) ਬਣ ਚੁੱਕੇ ਸਨ ਅਤੇ ਜੋ ਹੁਣ ਤਕ ਉਸੇ ਤਰ੍ਹਾਂ ਹੂ-ਬ-ਹੂ ਕਾਇਮ ਹੈ।

ਪ੍ਰਾਕ੍ਰਿਤਾ ਦੀ ਇਹ ਦੌਲਤ ਪੰਜਾਬੀ ਨੇ ਹੁਣ ਤਕ ਸੰਭਾਲ ਰੱਖੀ ਹੈ ਕਿਉਂਕਿ ਪੰਜਾਬੀ ਆਪਣੀਆਂ ਸਰੋਤ-ਪ੍ਰਾਕ੍ਰਿਤਾਂ ਲਈ ਵਫ਼ਾਦਾਰ ਭਾਸ਼ਾ ਹੈ। ਪਰ ਹਿੰਦੀ ਨੇ ਆਪਣੇ ਵਿਰਸੇ ਨੂੰ ਤਿਆਗ ਦਿੱਤਾ ਹੈ। ਇਸ ਚਰਚਾ ਤੋਂ ਇਹ ਨਿਚੋੜ ਨਿਕਲਦਾ ਹੈ ਕਿ ਪੰਜਾਬੀ ਭਾਸ਼ਾ, ਹਿੰਦੀ ਨਾਲੋਂ ਢੇਰ ਚਿਰ ਪੁਰਾਣੀ ਹੈ। ਅਤੇ ਇਹ ਤੱਥ ਵੀ ਉਭਰਦਾ ਹੈ ਕਿ ਪੰਜਾਬੀ ਬੋਲੀ ਦੇ ਮੁਹਾਵਰੇ ਤੇ ਮੁਹਾਂਦਰੇ ਦੀ ਬੁਨਿਆਦ (ਨੀਂਹ) ਅੱਜ ਤੋਂ ਦੋ ਢਾਈ ਹਜ਼ਾਰ ਸਾਲ ਪਹਿਲਾਂ ਹੀ ਰੱਖੀ ਜਾ ਚੁੱਕੀ ਸੀ ਜਦੋਂ ਅਜੇ ਅਜੋਕੀ ਹਿੰਦੀ ਦਾ ਜਨਮ ਵੀ ਨਹੀਂ ਹੋਇਆ ਸੀ।

ਉਪਰੋਕਤ ਪੰਜਾਬੀ ਸ਼ਬਦ-ਭੰਡਾਰ ਦੀ ਪੜਚੋਲ ਕਰਨ ਤੋਂ ਇਕ ਹੋਰ ਇਨਕਸ਼ਾਫ਼ ਜ਼ਾਹਰ ਹੁੰਦਾ ਹੈ ਕਿ ਹਿੰਦੀ ਦਾ ਸ਼ਬਦ-ਭੰਡਾਰ, ਪੰਜਾਬੀ ਸ਼ਬਦ ਭੰਡਾਰ ਵਿਚੋਂ ਹੀ ਨਿਕਲਿਆ ਹੈ ਕਿਉਂਕਿ ਹਰ ਹਿੰਦੀ ਲਫ਼ਜ਼ ਪਹਿਲਾਂ ਪੰਜਾਬੀ ਹੀ ਸੀ ਫੇਰ ਹਿੰਦੀ ਬਣਿਆ ਹੈ ਜਿਵੇਂ ਪੰਜਾਬੀ ਸ਼ਬਦ /ਅੱਗ, ਦੁੱਧ, ਪੁੱਤ, ਅੱਖ, ਅੱਠ/ਤੋਂ ਹੀ ਅੱਗੇ ਹਿੰਦੀ/ਉਰਦੂ ਸ਼ਬਦ/ਆਗ, ਦੂਧ, ਪੂਤ, ਆਂਖ, ਆਠ/ਵਿਕਸਿਤ ਹੋਏ ਹਨ। ਇਹ ਹਿੰਦੀ ਉੱਤੇ ਪੰਜਾਬੀ ਦਾ ਬਹੁਤ ਵੱਡਾ ਥਾਪੜਾ ਹੈ। ਇਸ ਦੀਆਂ ਢੇਰ ਮਿਸਾਲਾਂ ਹਨ। ਮਾਫ਼ ਕਰਨਾ, ਇਹ ਮੈਂ ਨਹੀਂ ਕਹਿੰਦਾ, ਇਹ ਤਾਂ ਜ਼ਬਾਨਦਾਨੀ ਵਿਗਿਆਨੀ) ਦੀ ਸਾਇੰਸ ਤਸਦੀਕ ਕਰਦੀ ਹੈ।

## ਪੰਜਾਬੀ ਭਾਸ਼ਾ ਦੀ ਬਣਤਰ

ਪੰਜਾਬੀ ਭਾਸ਼ਾ ਦੀ ਬਣਤਰ ਵਿਚ ਚਾਰ ਪਾਉੜੀਆਂ ਕੰਮ ਕਰਦੀਆਂ ਹਨ। ਪਹਿਲੀ ਪਉੜੀ ਧੁਨੀਆਂ ਦੀ ਹੈ। ਦੂਜੀ ਪਉੜੀ ਸ਼ਬਦਾਂ (ਲਫ਼ਜ਼ਾਂ) ਦੀ ਹੈ। ਤੀਜੀ ਪਉੜੀ ਵਾਕਾਂ (ਫਿਕਰਿਆਂ) ਦੀ ਹੈ। ਚੌਥੀ ਪਉੜੀ ਅਰਥਾਂ ਦੀ ਹੈ। ਇਨ੍ਹਾਂ ਚਾਰਾਂ ਦੇ ਸੰਜੋਗ ਨਾਲ ਹੀ ਪੰਜਾਬੀ ਭਾਸ਼ਾ ਦੀ ਉਸਾਰੀ ਹੁੰਦੀ ਹੈ। ਸਭ ਤੋਂ ਪਹਿਲਾਂ ਧੁਨੀਆਂ ਦਾ ਵਰਣਨ ਕੀਤਾ ਜਾਂਦਾ ਹੈ। ਪੰਜਾਬੀ ਬੋਲੀ ਕੁਲ ੪੧ ਧੁਨੀਆਂ (ਸਾਰਥਕ ਧੁਨੀਆਂ ਅਰਥਾਤ Phonemes) ਮੰਨ੍ਹੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ੧੦ ਸਵਰ (Vowels) ਹਨ ਅਤੇ ੩੧ ਵਿਅੰਜਨ (Consonants) ਹਨ। ਇਹੋ ਧੁਨੀਆਂ ਪੰਜਾਬੀ ਬੋਲੀ ਦੀ ਬਣਤਰ ਲਈ ਮੁਢਲੀਆਂ ਨਿਖੇੜੂ ਇਕਾਈਆਂ ਹਨ। ਇਨ੍ਹਾਂ ਵਿਚ ਅਰਥਾਂ ਨੂੰ ਨਿਖੇੜਨ ਦੀ ਸ਼ਕਤੀ ਹੈ। ਕਮਾਲ ਦੀ ਗੱਲ ਇਹ ਹੈ ਕਿ ਕਿਸੇ ਕੱਲੀ-ਕਹਿਰੀ ਇਕੋ ਧੁਨੀ ਨੂੰ ਬਦਲਣ ਨਾਲ ਜਾਂ ਅੱਗੇ-ਪਿੱਛੇ ਕਰਨ ਨਾਲ ਸ਼ਬਦਾਂ ਵਿਚ ਟਿੱਪੀ ਦਾ ਫਰਕ ਹੈ। ਇਸੇ ਤਰ੍ਹਾਂ ਪਤਾ ਤੇ ਪੱਤਾ ਵਿਚ ਸਿਰਫ਼ ਅਧਕ ਦਾ ਫਰਕ ਹੈ। ਇਸ ਪ੍ਰਕਾਰ ਪੰਜਾਬੀ ਦੀ ਹਰ ਇਕ ਧੁਨੀ ਸਾਰਥਕ, ਨਿਖੇੜ, ਵਿਸ਼ੇਸ਼ ਕਾਰਜੀ ਇਕਾਈ ਹੈ। ਪੰਜਾਬੀ ਦੀਆਂ ਇਹ ਧੁਨੀਆਂ ਕਿਸੇ ਆਪੋਧਾਪੀ ਜਾਂ ਉਘੜੇ-ਦੁਘੜੇ ਢੰਗ ਨਾਲ ਨਹੀਂ ਵਰਤੀਆਂ ਜਾਂਦੀਆਂ ਬਲਕਿ ਉਹ ਇਕ ਵਿਉਂਤ ਵਿਚ

ਜੁੜਕੇ ਸ਼ਬਦਾਂ ਦੀ ਰਚਨਾ ਕਰਦੀਆਂ ਹਨ। ਜਿਵੇਂ ਪੰਜਾਬੀ ਧੁਨੀ-ਵਿਉਂਤ ਅਨੁਸਾਰ /ਣ, ਲ, ੜ, ਙ, ਞ/ ਧੁਨੀ-ਚਿੰਨ੍ਹ ਸ਼ਬਦਾਂ ਦੇ ਮੁੱਢ ਵਿਚ ਨਹੀਂ ਲਗਦੇ। ਇਸੇ ਤਰ੍ਹਾਂ ਪੰਜਾਬੀ ਧੁਨੀ ਮਾਲਾ ਦੇ /ਘ, ਝ, ਢ, ਧ, ਭ/ ਇਹ ਪੰਜ ਧੁਨੀ-ਅੱਖਰ ਬਹੁ-ਕਾਰਜੀ (Multi-functional) ਹਨ ਕਿਉਂਕਿ ਪੰਜਾਬੀ ਬੋਲੀ ਵਿਚ ਇਨ੍ਹਾਂ ਦਾ ਦੂਹਰਾ-ਤੀਹਰਾ ਵਰਤਾਰਾ ਹੈ। ਪੰਜਾਬੀ ਸ਼ਬਦਾਂ ਦੀਆਂ ਅੱਡ ਅੱਡ ਹਾਲਤਾਂ ਵਿਚ ਇਨ੍ਹਾਂ ਪੰਜਾਂ ਦੇ ਅੱਡੋ-ਅੱਡ ਉਚਾਰਨ ਹੁੰਦੇ ਹਨ। ਇਹ ਪੰਜੇ ਧੁਨੀ-ਅੱਖਰ ਟੋਨਦਾਰ (tonal) ਅਰਥਾਤ ਸੁਰਾਤਮਕ ਹਨ। ਜਿਵੇਂ /ਭਾਈ, ਲੋਭੀ, ਲਾਭ/ ਇਨ੍ਹਾਂ ਤਿੰਨਾਂ ਸ਼ਬਦਾਂ ਵਿਚ 'ਭੱਭਾ' ਧੁਨੀ-ਅੱਖਰ ਮੁੱਢ ਵਿਚ, ਦਰਮਿਆਨ ਵਿਚ ਅਤੇ ਅਖੀਰ ਵਿਚ ਵੱਖ ਵੱਖ ਉਚਾਰਨ ਦਿੰਦਾ ਹੈ। ਇਸ ਲਈ ਇਨ੍ਹਾਂ ਥਾਂਵਾਂ ਤੇ ਭੱਭਾ-ਧੁਨੀ ਦੀ ਵੱਖ-ਵੱਖ ਟੋਨ ਹੈ। ਟੋਨ ਦੇ ਕਾਰਨ ਮੁਢਲਾ ਭੱਭਾ ਪੱਪੇ ਵਾਂਗੂ ਵਿਚਰਦਾ ਹੈ। ਫਾਰਸੀ ਦੀਆਂ ਮਾਂਗਵੀਂਆਂ ਧੁਨੀਆਂ/ਖ਼, ਗ਼, ਜ਼, ਫ਼/ ਸਿਰਫ਼ ਉਚਾਰੀਆਂ ਹੀ ਜਾਂਦੀਆਂ ਹਨ ਅਰਥਾਂ ਵਿਚ ਫਰਕ ਪੈਦਾ ਨਹੀਂ ਕਰਦੀਆਂ ਜਿਵੇਂ ਗ਼ਮਦੂਰ/ਗਮਦੂਰ ਜਾਂ ਜ਼ੋਰਾਵਰ/ਜੋਰਾਵਰ ਇਕੋ ਹਨ, ਅਰਥ ਨਹੀਂ ਬਦਲਦੇ। ਇਸ ਲਈ ਪੰਜਾਬੀ ਬੋਲੀ ਵਿਚ ਉਧਾਰ ਲਈਆਂ ਫਾਰਸੀ ਅਰਬੀ ਦੀਆਂ ਧੁਨੀਆਂ ਅਸਲ ਵਿਚ ਸਹਿਧੁਨੀਆਂ ਹਨ।

**ਪੰਜਾਬੀ-ਸ਼ਬਦ-ਰਚਨਾ**:- ਪੰਜਾਬੀ ਧੁਨੀਆਂ ਦੇ ਜੋੜ-ਮੇਲ ਨਾਲ ਪਹਿਲਾਂ ਰੂਪਗ੍ਰਾ ਤੇ ਸ਼ਬਦ ਬਣਦੇ ਹਨ ਅਤੇ ਫਿਰ ਸ਼ਬਦਾਂ ਦੇ ਸੰਜੋਗ ਨਾਲ ਵਾਕੰਸ਼ ਤੇ ਵਾਕ ਬਣਾਏ ਜਾਂਦੇ ਹਨ ਜੋ ਮਨੁੱਖੀ ਭਾਈਚਾਰਿਕ ਤੇ ਸਮਾਜਿਕ ਵਰਤਾਰੇ ਲਈ ਅਰਥਾਂ ਦੀ ਸਿਰਜਨਾ ਕਰਦੇ ਹਨ। ਪੰਜਾਬੀ ਸ਼ਬਦ ਸਿਰਜਨਾ ਦੀ ਆਪਣੀ ਹੀ ਵਿਲੱਖਣ ਵਿਉਂਤ ਹੈ। ਇਸ ਵਿਉਂਤ ਅਨੁਸਾਰ ਪੰਜਾਬੀ ਸ਼ਬਦ 'ਅਨਪੜ੍ਹਤਾ' ਦੀ ਬਣਤਰ ਵੇਖਦੇ ਹਾਂ। ਏਥੇ "ਪੜ੍ਹ" ਮੂਲ ਅੰਸ਼ (Root, ਧਾਤੂ) ਹੈ, ਜੋ ਮੱਧ-ਵਿਚਕਾਰ ਹੈ। ਇਸ ਨਾਲ ਅਗੇਤਰ /ਅਣ/ ਅਤੇ ਪਿਛੇਤਰ/-ਤਾ/ਜੋੜਕੇ "ਅਣਪੜ੍ਹਤਾ" ਸ਼ਬਦ ਘੜਿਆ ਗਿਆ ਹੈ। "ਪੜ੍ਹ" ਮੂਲ ਤੋਂ ਇਕ ਪਾਸੇ, ਅਣਪੜ੍ਹ, ਅਣਪੜ੍ਹਤਾ, ਪੜ੍ਹਾਈ, ਪਾੜ੍ਹਾ, ਪੜ੍ਹਾਕੂ, ਪੜ੍ਹਨਾ ਆਦਿ ਨਾਂਵ ਸ਼ਬਦ ਬਣਦੇ ਹਨ ਅਤੇ ਦੂਜੇ ਪਾਸੇ "ਪੜ੍ਹ" ਮੂਲਧਾਤੂ ਤੋਂ ਹੀ ਪੜ੍ਹਦਾ, ਪੜ੍ਹਦੇ, ਪੜ੍ਹਦੀਆਂ, ਪੜ੍ਹਿਆ, ਪੜ੍ਹੇ, ਪੜ੍ਹੋ, ਪੜ੍ਹਾਂ, ਪੜ੍ਹਸੀ, ਪੜ੍ਹਸਨ ਆਦਿ ਕ੍ਰਿਆ ਰੂਪ ਬਣਦੇ ਹਨ। ਇਹੋ ਰਚਨਾ-ਵਿਉਂਤ ਪੰਜਾਬੀ ਦੀ ਸਮੁੱਚੀ ਸ਼ਬਦਾਵਲੀ ਵਿਚ ਲਾਗੂ ਹੁੰਦੀ ਹੈ। ਪਰ ਇਹ ਜ਼ਰੂਰੀ ਨਹੀਂ ਕਿ ਹਰ ਥਾਂ ਅਗੇਤਰ ਤੇ ਪਿਛੇਤਰ ਦੋਵੇਂ ਹੀ ਜੁੜਦੇ ਹੋਣ, ਪਰ ਇਹ ਜ਼ਰੂਰੀ ਹੈ ਕਿ ਹਰ ਸ਼ਬਦ ਦੀ ਜੜ੍ਹ ਵਿਚ ਧਾਤੂ ਜਾਂ ਮੂਲਾਂਸ਼ ਹੋਵੇ ਜਿਸ ਉੱਤੇ ਸ਼ਬਦਾਂ ਦੀ ਉਸਾਰੀ ਹੁੰਦੀ ਹੈ। ਇਹ ਨਿਯਮ ਪੰਜਾਬੀ ਦੀ ਜੱਦੀ ਸ਼ਬਦਾਵਲੀ (ਸ਼ਬਦ-ਕੋਸ਼) ਤੇ ਲਾਗੂ ਹੁੰਦਾ ਹੈ, borrowed ਸ਼ਬਦਾਂ ਤੇ ਨਹੀ ਇਸ ਵਿਉਂਤ ਨਾਲ ਪੰਜਾਬੀ ਦਾ ਕਿੰਨਾ ਵੱਡਾ ਪ੍ਰਪੰਚ ਉਸਾਰਿਆ ਜਾਂਦਾ ਹੈ।

**ਪੰਜਾਬੀ ਵਾਕ ਵਿਉਂਤ**:-ਧੁਨੀਆਂ ਦੇ ਸੰਜੋਗ ਨਾਲ ਜਿਹੜੇ "ਸ਼ਬਦ" (Words) ਬਣਾਏ ਜਾਂਦੇ ਹਨ ਉਹੋ ਸ਼ਬਦ ਹੀ ਇਕ ਤਰਤੀਬ ਵਿਚ ਬੱਝ ਕੇ ਵਾਕਾਂ (Sentances) ਫਿਕਰੇ ਦੀ ਸਿਰਜਨਾ ਕਰਦੇ ਹਨ। ਵਾਕ-ਵਿਉਂਤ ਦੇ ਸਿਸਟਮ ਵਿਚ ਪੰਜ ਵਿਆਕਰਣਕ ਇਕਾਈਆਂ ਕੰਮ ਕਰਦੀਆਂ ਹਨਃ /ਵਾਕ, ਉਪਵਾਕ, ਵਾਕੰਸ਼, ਸ਼ਬਦ, ਰੂਪਗ੍ਰਾਮ/ ਅਰਥਾਤ "Sentance, Clause, Phrase, Words, Morpheme" ਇਹ ਪੰਜ ਯੂਨਿਟ ਪੰਜਾਬੀ ਵਾਕ, ਵਿਉਂਤ ਵਿਚ ਵੀ ਕਾਰਜ ਕਰਦੇ ਹਨ। ਪਰ ਫਿਰ ਵੀ ਪੰਜਾਬੀ ਵਾਕ ਦਾ ਆਪਣਾ ਵਿਸ਼ੇਸ਼ ਕਰਮ ਜਾਂ ਤਰਤੀਬ /ਕਰਤਾ - ਕਰਮ- ਕ੍ਰਿਆ/ ਵਾਲੀ ਹੈ ਅਰਥਾਤ SOV, ਇਸਦੇ ਉਲਟ ਅੰਗ੍ਰੇਜ਼ੀ ਭਾਸ਼ਾ ਦੀ ਵਾਕ-ਤਰਤੀਬ/ ਕਰਤਾ, ਕ੍ਰਿਆ, ਕਰਮ/ ਅਰਥਾਤ SOV ਹੈ। ਇਸੇ ਤਰ੍ਹਾਂ ਪੰਜਾਬੀ ਵਾਕ ਵਿਚ ਵਿਸ਼ੇਸ਼ਣ ਤੇ ਵਿਸ਼ੇਸ਼ ਦਾ ਜੋ ਮੇਲ (Agreement) ਹੈ ਉਹ ਹਿੰਦੀ-ਉਰਦੂ ਨਾਲੋਂ ਵਿਲੱਖਣ ਹੈ। ਪੰਜਾਬੀ ਵਾਕ ਹੈ "ਬਗੀਚੇ ਵਿਚ ਹਰੀਆਂ ਤੇ ਪੀਲੀਆਂ ਵੇਲਾਂ ਹਨ" ਏਥੇ "ਵੇਲਾਂ" ਬਹੁਵਚਨ ਦੇ ਮੇਲ ਵਿਚ ਹਰੀਆਂ, ਪੀਲੀਆਂ ਵੀ ਬਹੁਵਚਨ ਹਨ। ਹਿੰਦੀ ਵਾਕ ਹੈ "ਇਸ ਬਾਗ਼ ਮੇਂ ਹਰੀ ਔਰ ਪੀਲੀ ਲਤਾਏਂ ਹੈਂ" ਏਥੇ ਵਿਸ਼ੇਸ਼ ਤੇ ਵਿਸ਼ੇਸ਼ਣਾਂ ਦਾ ਮੇਲ ਨਹੀਂ ਹੈ ਕਿਉਂਕਿ "ਲਤਾਏਂ" ਬਹੁਵਚਨ ਵਿਸ਼ੇਸ਼ ਨਾਲ "ਹਰੀ, ਪੀਲੀ" ਵਿਸ਼ੇਸ਼ਣ ਇਕ ਵਚਨ ਹਨ।

## ਪੰਜਾਬੀ ਭਾਸ਼ਾ ਦੇ ਪਛਾਣ-ਚਿੰਨ੍ਹ

ਪੰਜਾਬੀ ਭਾਸ਼ਾ ਦੇ ਮੁਹਾਂਦਰੇ ਦੀ ਪਛਾਣ ਕਰਨ ਲਈ ਇਸ ਵਿਚ ਕੁਝ ਅਜਿਹੇ ਪਛਾਣ-ਚਿੰਨ੍ਹ ਹਨ ਜਿਹੜੇ ਕਿ ਪੰਜਾਬੀ ਭਾਸ਼ਾ ਨੂੰ ਗੁਆਂਢੀ ਬੋਲੀਆਂ ਨਾਲੋਂ ਨਿਖੇੜ ਕੇ ਪੰਜਾਬੀ ਭਾਸ਼ਾ ਦੀ ਵਿਲੱਖਣ ਹਸਤੀ ਨੂੰ ਕਾਇਮ ਕਰਦੇ ਹਨ।

(੧) ਪੰਜਾਬੀ ਬੋਲੀ ਦਾ ਪਹਿਲਾ ਪਛਾਣ-ਚਿੰਨ੍ਹ ਇਸ ਦੀਆਂ ਧੁਨੀਆਂ (ਧੁਨੀ-ਅਖਰ) ਦਾ ਦੂਹਰਾ ਉਚਾਰਨ ਹੈ ਜਿਸ ਨੂੰ "ਦੁੱਤੀਕਰਨ" ਕਿਹਾ ਜਾਂਦਾ ਹੈ। ਅਸੀਂ ਲਿਖਤ ਵਿਚ 'ਅਧਕ' ਲਗ-ਮਾਤਰਾ ਲਗਾ ਕੇ ਦੁੱਤ ਧੁਨੀਆਂ ਹੀ ਉਚਾਰਦੇ ਹਾਂ। ਦੋ ਇਕੋ ਸਮਾਨ ਧੁਨੀਆਂ ਦਾ ਦੁਹਰਾਉ ਜਾਂ ਦੋ ਸੰਧੀ ਹੀ ਦੁੱਤ ਹੈ, ਇਸ ਨੂੰ ਇਕ ਵਿਅੰਜਨ ਦਾ ਦੋ ਵਾਰ ਉਚਾਰਨ ਵੀ ਕਹਿ ਸਕਦੇ ਹਾਂ ਜਿਵੇਂ /ਅੱਜ, ਦੁੱਧ, ਵੱਗ, ਪੱਤਾ, ਨੱਕ, ਅੱਖ, ਇੱਟ, ਗੱਡੀ ਆਦਿ/ ਹਿੰਦੀ-ਉਰਦੂ ਵਿਚ ਇਹ ਸ਼ਬਦ/ਆਜ, ਦੂਧ, ਵਰਗ, ਪਤ੍ਰ, ਨਾਕ, ਆਂਖ, ਈਂਟ, ਗਾਡੀ/ ਬਣ ਜਾਂਦੇ ਹਨ। ਬਾਕੀ ਭਾਰਤੀ ਬੋਲੀਆਂ ਵਿਚ ਵੀ ਦੁੱਤੀਕਰਨ ਦੀ ਅਣਹੋਂਦ ਹੈ। ਜਿਵੇਂ ਜਿਵੇਂ ਅਸੀਂ ਚੜ੍ਹਦੇ ਪੰਜਾਬ ਵਲੋਂ ਲਹਿੰਦੇ ਪੰਜਾਬ (ਪਾਕਿਸਤਾਨ) ਵੱਲ ਯਾਤਰਾ ਕਰਦੇ ਹਾਂ, ਤਿਵੇਂ-ਤਿਵੇਂ ਦੁੱਤ ਉਚਾਰਨ ਦੀ ਮਿਕਦਾਰ ਅੱਗੋਂ ਤੋਂ ਅੱਗੋਂ ਵਧਦੀ ਹੀ ਚਲੀ ਜਾਂਦੀ ਹੈ। ਏਥੋਂ ਤੱਕ ਕਿ ਭਾਰਤੀ ਪੰਜਾਬ ਵਿਚ ਵੱਸਣ ਵਾਲੇ ਪੋਠੋਹਾਰੀ ਪੰਜਾਬੀ ਬੇਲੋੜਾ ਦੁੱਤ ਉਚਾਰਨ ਕਰੀ ਜਾਂਦੇ ਹਨ ਜਿਵੇਂ ਕਿਲੇ ਨੂੰ ਕਿੱਲਾ, ਪਤੇ (ਸਿਰਨਾਵਾਂ) ਨੂੰ ਪੱਤਾ। ਕਈ ਹਲਕਿਆਂ ਵਿਚ "ਅਧਕ" (ਲਗ-ਮਾਤਰਾ) ਦਾ ਨਾਂ ਪੋਠੋਹਾਰਨ ਹੀ ਰੱਖ ਲਿਆ ਗਿਆ ਹੈ। ਇਸ ਤਰ੍ਹਾਂ ਪੰਜਾਬੀ ਭਾਸ਼ਾ ਦੀ ਵਿਲੱਖਣਤਾ ਦਾ ਪਛਾਣ-ਚਿੰਨ੍ਹ ਧੁਨੀਆਂ ਦਾ ਦੁੱਤ ਉਚਾਰਨ ਹੈ।

(੨) ਪੰਜਾਬੀ ਵਿਚ ਗੁਟਵੀਂ ਭਾਸ਼ਾ ਦੇ ਨਿਸ਼ਾਨ ਹਨ ਜੋ ਕਿ ਹੋਰ ਹਿੰਦ ਆਰੀਆਈ ਜ਼ਬਾਨਾਂ ਵਿਚ ਨਹੀਂ ਮਿਲਦੇ। ਬਾਕੀ ਜ਼ਬਾਨਾਂ ਨਿਖੇੜੂ ਹਨ, ਗੁਟਵੀਆਂ ਨਹੀਂ ਹਨ। ਪੰਜਾਬੀ ਭਾਸ਼ਾ ਵਿਚ ਗੁਟਵੀਂ ਬਣਤਰ ਦੀਆਂ ਵੰਨਗੀਆਂ ਹੇਠਾਂ ਦਰਜ ਹਨ ਜਿਵੇਂ /ਘਰੋਂ, ਘਰੇ, ਘਰੀਂ, ਹਥੀਂ/ `ਘਰੋਂ` ਘਰ + ਓਂ ਦਾ ਗੁਟ ਹੈ ਜਿਸ ਦਾ ਮਤਲਬ ਹੈ "ਘਰ ਤੋਂ" `ਘਰੇ' ਘਰ+ਏ ਦਾ ਗੁਟ ਹੈ ਜਿਸ

ਦਾ ਮਤਲਬ ਹੈ, "ਘਰ ਵਿਚ", ਇਸੇ ਤਰ੍ਹਾਂ "ਘਰੀਂ" ਘਰ+ਈਂ ਹੈ ਜਿਸ ਦਾ ਮਤਲਬ ਹੈ "ਬਹੁਤੇ ਘਰਾਂ ਵਿਚ"। ਇਉਂ "ਹੱਥੀਂ" ਹੱਥ+ਈਂ ਹੈ ਜਿਸ ਦਾ ਮਤਲਬ ਹੈ "ਹੱਥਾਂ ਨਾਲ"। ਪੰਜਾਬੀ ਬੋਲੀ ਵਿਚ ਇਨ੍ਹਾਂ ਦੀ ਵਰਤੋਂ ਏਦਾਂ ਹੁੰਦੀ ਹੈਃ- (ਘਰੋਂ) ਉਹ ਤਾਂ ਘਰੋਂ ਚਲਾ ਗਿਆ। (ਘਰੇ) ਮੁੰਡਾ ਘਰੇ ਬੈਠਾ ਹੈ। (ਘਰੀਂ) ਮੁੰਡੇ ਘਰੋ-ਘਰੀਂ ਚਲੇ ਗਏ। (ਹੱਥੀਂ) ਬਲਵੰਤ ਹੱਥੀਂ ਸੇਵਾ ਕਰਦਾ ਹੈ। ਸੋ ਪੰਜਾਬੀ ਅਜੇ ਵੀ ਗੁਟਵੀਂ (ਸੰਜੋਗਾਤਮਕ) ਭਾਸ਼ਾ ਹੈ ਜਿਹੜਾ ਕਿ ਇਸਦੀ ਖਾਸ ਪਛਾਣ-ਚਿੰਨ੍ਹ ਹੈ। ਅਤੇ ਬਾਕੀ ਇੰਡੋ-ਪਾਕ ਜ਼ਬਾਨਾਂ ਨਿਖੇੜ ਜਾਂ ਵਿਜੋਗਾਤਮਿਕ(Analytical) ਹਨ।

(੩) ਪੰਜਾਬੀ ਪਿਛੇਤਰਾਤਮਕ ਭਾਸ਼ਾ ਹੈ ਕਿਉਂਕਿ ਪੰਜਾਬੀ ਸ਼ਬਦਾਂ ਦੀ ਰਚਨਾ ਵਿਚ ਪਿਛੇਤਰਾਂ ਦੀ ਬਹੁਤ ਗਿਣਤੀ ਮਿਲਦੀ ਹੈ। ਉਂਜ ਪੰਜਾਬੀ ਵਿਚ ਅਗੇਤਰ ਵੀ ਹਨ ਜਿਵੇਂ ਬੇਈਮਾਨ। ਵਿਚ /ਬੇ/ਅਤੇ ਅਣਪੜ੍ਹ ਵਿਚ/ਅਣ ਪਰ ਪਿਛੇਤਰਾਂ ਦੀ ਭਰਮਾਰ ਹੈ। ਪੰਜਾਬੀ ਦੀ ਕ੍ਰਿਆ ਦਾ ਇਕ ਰੂਪ ਹੈ "ਕਰਨਗੀਆਂ"। ਇਸ ਵਿਚ ਚਾਰ "ਪਿਛੇਤਰ" ਹਨ ਜੋ /ਕਰ/ ਨਾਲ ਜੁੜੇ ਹੋਏ "ਕਰ" ਕੇਂਦਰੀ ਮੂਲਅੰਸ਼ ਹੈ ਇਸ ਨਾਲ ਪਿਛੇਤਰਾਂ ਦੇ ਤੌਰ ਤੇ /ਅਨ, ਗ, ਈ, ਆਂ/ ਇਹ ਚਾਰ ਪਿਛੇਤਰ ਹਨ ਜੋ ਆਪੋ-ਆਪਣੇ ਘਰ ਦੇ ਧਾਰਨੀ ਹਨ। "ਅਨ" ਬਹੁਵਚਨ ਹੈ, "ਗ" ਭਵਿਖਤ ਕਾਲ ਹੈ, "ਈ" ਇਸਤ੍ਰੀ ਲਿੰਗ ਹੈ, ਅਤੇ "ਆਂ" ਸਾਰੇ ਕ੍ਰਿਆ ਰੂਪ ਦਾ ਬਹੁਵਚਨ ਹੈ। ਸੋ ਇਸ ਸ਼ਬਦ ਦੀ ਇਸ ਤਰ੍ਹਾਂ ਦੀ ਬਣਾਵਟ ਹੈ "ਕਰ+ਨਂ+ਗ+ਈ+ਆਂ"।

(੪) ਪੰਜਾਬੀ ਦੀ ਬਹੁਤੀ ਸ਼ਬਦਾਵਲੀ ਤਦਭਵ ਹੈ। ਕਿਸੇ ਬੋਲੀ ਦੇ ਅਣਵਿਗੜੇ, ਅਣਬਦਲੇ, ਹੂਬਹੂ ਮੂਲ ਸ਼ਬਦ ਤਾਂ ਤਤਸਮ ਹੁੰਦੇ ਹਨ ਪਰ ਜਦੋਂ ਉਹ ਸ਼ਬਦ ਬਦਲ ਜਾਂਦੇ ਹਨ ਜਾਂ ਕੋਈ ਵਿਗਾੜ ਤੇ ਵਿਕਾਰ ਪੈਦਾ ਹੋ ਜਾਂਦਾ ਹੈ ਤਾਂ ਉਹ ਤਦਭਵ ਬਣ ਜਾਂਦੇ ਹਨ। ਪੰਜਾਬੀ ਬੋਲੀ ਦਾ ਇਹ ਆਮ ਸੁਭਾ ਕਿ ਉਹ ਮੂਲ ਭਾਸ਼ਾ ਦੇ ਸ਼ਬਦਾਂ ਅਤੇ ਹੋਰ ਉਧਾਰੇ ਸ਼ਬਦਾਂ ਨੂੰ ਆਪਣੇ ਅਨੁਕੂਲ ਢਾਲ ਕੇ ਵਰਤੋ ਵਿਚ ਲਿਆਉਂਦੀ ਹੈ। ਇਹ ਪੰਜਾਬੀਕਰਣ ਦੀ ਪ੍ਰਕਿਰਿਆ ਹੈ। ਪੰਜਾਬੀ ਵਿਚ ਤਦਭਵ ਸ਼ਬਦ ਢੇਰਾਂ ਦੇ ਢੇਰ ਹਨਃ ਨੀਂਦ, ਵੱਖੀ, ਹੱਥ, ਭਰਮ, ਹਿਰਦਾ, ਸੋਗ, ਟੇਸ਼ਣ (ਸਟੇਸ਼ਨ), ਸੈਕਲ (ਸਾਈਕਲ) ਸਰਪ, ਵੱਗ (ਪਸ਼ੂਆਂ ਦਾ ਵੱਗ), ਸਾਰੇ ਤਦਭਵ ਹਨ ਜਦ ਕਿ ਇਨ੍ਹਾਂ ਦੇ ਮੂਲ ਸ਼ਬਦ ਤਤਸਮ ਹਨ ਜਿਵੇਂ ਨਿਦ੍ਰਾ, ਵਕਸ਼ਿ, ਹਸਤ, ਭ੍ਰਮ, ਹ੍ਰਿਦਯ, ਸ਼ੋਕ ਆਦਿ ।

(੫) ਪੰਜਾਬੀ ਟੋਨ ਪ੍ਰਧਾਨ ਸੁਰਾਤਮਕ ਭਾਸ਼ਾ ਹੈ। ਪੰਜਾਬੀ ਵਿਚ ਦੋ ਸ਼ਬਦ ਚਾ ਯਾਨੀ ਚਾਉ, ਅਤੇ ਚ੍ਹਾ ਯਾਨੀ ਚਾਹ ਦੀ ਪੱਤੀ ਚਾਹ ਦਾ ਹਾਹਾ ਅਸੀਂ ਪੂਰੀ ਤਰ੍ਹਾਂ ਨਹੀਂ ਬੋਲਦੇ, ਸਿਰਫ਼ ਸੁਰ ਜਾਂ ਟੋਨ ਹੀ ਬੋਲਦੇ ਹਾਂ। ਇਸ ਲਈ ਚਾ ਤੇ ਚ੍ਹਾ ਵਿਚ ਜੋ ਅਰਥ ਦਾ ਫਰਕ ਹੈ, ਉਹ ਟੋਨ ਕਰਕੇ ਹੈ। ਇਹ ਵਿਸ਼ੇਸ਼ਤਾ ਹੋਰ ਕਿਸੇ ਭਾਰਤੀ ਭਾਸ਼ਾ ਵਿਚ ਨਹੀਂ ਹੈ। ਲਹਿੰਦੀ ਪੰਜਾਬੀ ਵਿਚ ਵੀ ਟੋਨ ਨਹੀਂ ਹੈ, ਪੰਜਾਬੀ ਦੀ ਮਾਝੀ ਉਪਬੋਲੀ ਵਿਚ ਟੋਨ ਹੈ, ਡੋਗਰੀ ਵਿਚ ਵੀ ਟੋਨ ਹੈ। ਪੰਜਾਬੀ ਟੋਨ ਦੀ Discovery ਪਿਛਲੇ ਸਾਲਾਂ ਵਿਚ ਹੀ ਹੋਈ ਹੈ।

## ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ

ਲਿਪੀ ਕੀ ਹੈ? ਲਿਪੀ ਕਿਸੇ ਬੋਲੀ ਨੂੰ ਚਿਤਰਾਂ, ਲਕੀਰਾਂ, ਸੰਕੇਤਾਂ ਜਾਂ ਚਿੰਨ੍ਹਾਂ ਵਿਚ ਉਲੀਕਣ ਦੀ ਇਕ ਕਲਾ ਹੈ। ਲਿਪੀ, ਬੋਲੀ ਦੀ ਪੁਸ਼ਾਕ ਹੈ ਅਤੇ ਬੋਲੀ, ਖਿਆਲਾਂ ਦੀ ਪੁਸ਼ਾਕ ਬੋਲੀ ਕੁਦਰਤ ਦਾ ਤੋਹਫ਼ਾ ਹੈ ਪਰ ਲਿਪੀ ਮਨੁੱਖੀ ਦਿਮਾਗ ਦੀ ਕਾਢ ਹੈ। ਬੋਲੀ ਬਿਨਾਂ ਆਦਮੀ ਪਿੰਗਲਾ ਹੈ ਅਤੇ ਲਿਪੀ ਬਿਨ੍ਹਾਂ ਬੋਲੀ ਵੀ ਪਿੰਗਲੀ ਹੈ। ਜਿਵੇਂ ਬੋਲੀ ਭਾਵਾਂ ਤੇ ਖਿਆਲਾਂ ਦੀ ਚਿੰਨ੍ਹ-ਪ੍ਰਣਾਲੀ ਹੈਂ ਉਵੇਂ ਲਿਪੀ ਵੀ ਭਾਸ਼ਾ ਦੀ ਚਿੰਨ੍ਹ-ਪ੍ਰਣਾਲੀ ਹੈ। ਲਿਪੀ-ਵਿਗਿਆਨ ਦੇ ਇਤਿਹਾਸ ਦੀ ਨਿਰਖ-ਪਰਖ ਤੋਂ ਪਤਾ ਲੱਗਦਾ ਹੈ ਕਿ ਲਿਪੀ, ਵਿਕਾਸ ਦੇ ਕਈਆਂ ਪੜ੍ਹਾਵਾਂ ਨੂੰ ਲੰਘ ਕੇ ਹੁਣ ਤਕ ਪਹੁੰਚੀ ਹੈ। ਪ੍ਰਾਚੀਨ-ਤਮ ਪੜਾ ਵਿਚ ਚਿਤ੍ਰ ਲਿਪੀ (Pictography) ਦਾ ਪ੍ਰਚਾਰ ਸੀ, ਉਸ ਤੋਂ ਅੱਗੇ ਭਾਵ-ਮੂਲਕ ਲਿਪੀ (Ideography), ਫੇਰ ਧੁਨੀ-ਮੂਲਕ ਲਿਪੀ (Phonetic script), ਫੇਰ ਉਚਾਰਖੰਡੀ (Syllabic) ਲਿਪੀ ਅਤੇ ਅੱਜਕੱਲ ਵਰਣਾਤਮਕ (Alphabetic) ਲਿਪੀ ਦਾ ਪੜਾ ਆਇਆ ਹੈ। ਇਨ੍ਹਾਂ ਵਿਚੋਂ ਗੁਰਮੁਖੀ ਅਰਧ-ਵਰਣਾਤਮਕ ਲਿਪੀ ਹੈ। ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਦੀਆਂ ਧੁਨੀਆਂ ਉੱਤੇ ਉੱਸਰਿਆ ਇਕ ਚਿੰਨ੍ਹ-ਪ੍ਰਬੰਧ ਹੈ। ਗੁਰਮੁਖੀ ਲਿਪੀ ਤੇ ਪੰਜਾਬੀ ਭਾਸ਼ਾ ਦਾ ਰਿਸ਼ਤਾ ਮੁੱਢ ਕਦੀਮ ਦਾ ਹੈ ਕਿਉਂਕਿ ਗੁਰਮੁਖੀ ਪੰਜਾਬ ਦੀ ਜੱਦੀ ਪੈਦਾਵਾਰ ਹੈ, ਇਹ ਪੰਜਾਬ ਦੀ ਵਿਰਾਸਤ ਹੈ। ਗੁਰਮੁਖੀ ਮਾਂਗਵੀਂ ਜਾਂ ਬਾਹਰੋਂ ਠੋਸੀ ਹੋਈ ਨਹੀਂ ਹੈ। ਗੁਰਮੁਖੀ ਤਾਂ ਪੰਜਾਬੀ ਬੋਲੀ ਨਾਲ ਪਰਨਾਈ ਹੈ, ਇਸ ਲਈ ਗੁਰਮੁਖੀ ਲਿਪੀ ਸਿਰਫ ਪੰਜਾਬੀ ਭਾਸ਼ਾ ਲਈ ਰਾਖਵੀਂ ਹੈ, ਮਖ਼ਸੂਸ ਹੈ। ਗੁਰਮੁਖੀ ਪੰਜਾਬੀ ਲਈ ਵਫ਼ਾਦਾਰ ਹੈ। ਗੁਰਮੁਖੀ ਵਿਚ ਕਈ ਆਦਰਸ਼ਕ ਖ਼ੂਬੀਆਂ ਹਨ ਜਿਨ੍ਹਾਂ ਕਰਕੇ ਇਹ ਲਿਪੀ ਪੰਜਾਬੀ ਭਾਸ਼ਾ ਲਿਖਣ ਲਈ ਸਭ ਤੋਂ ਵੱਧ ਢੁਕਵੀਂ ਹੈ। ਸਭ ਤੋਂ ਵੱਡਾ ਗੁਣ ਇਹ ਹੈ ਕਿ ਗੁਰਮੁਖੀ ਵਿਚ ਪੰਜਾਬੀ ਭਾਸ਼ਾ ਦੀਆਂ ਸਾਰੀਆਂ ਧੁਨੀਆਂ ਨੂੰ ਲਿਖਣ ਦਾ ਪ੍ਰਬੰਧ ਹੈ। ਜਦ ਕਦੀ ਪੰਜਾਬੀ ਭਾਸ਼ਾ ਵਿਚ ਕੋਈ ਨਵੀਂ ਧੁਨੀ ਜਾਂ ਨਵਾਂ ਉਚਾਰਨ ਪ੍ਰਵੇਸ਼ ਕਰਦਾ ਹੈ ਤਾਂ ਉਸ ਦੇ ਮੁਤਾਬਕ ਗੁਰਮੁਖੀ ਵਿਚ ਨਵੇਂ ਲਿਪੀ-ਚਿੰਨ੍ਹ ਜਾਂ ਮੌਜੂਦਾ ਲਿਪੀ ਚਿੰਨ੍ਹਾਂ ਵਿਚ ਸੋਧ-ਸੁਧਾਈ ਦੀ ਵੀ ਸੰਭਾਵਨਾ ਹੈ। ਇਸ ਲਈ ਗੁਰਮੁਖੀ ਵਿਚ ਅਪ-ਡੇਟ ਰਹਿਣ ਦੀ ਗੁੰਜਾਇਸ਼ ਹੈ। ਇਸ ਤੋਂ ਬਿਨਾਂ ਗੁਰਮੁਖੀ ਵਿਚ ਇਕੋ ਪੰਜਾਬੀ ਧੁਨੀ ਲਈ ਇਕੋ ਅੱਖਰ ਹੈ ਕੋਈ ਬੇਲੋੜਾ ਜਾਂ ਵਾਧੂ ਚਿੰਨ੍ਹ ਨਹੀਂ ਹੈ। ਸਭ ਤੋਂ ਵਧੀਆ ਗੱਲ ਤਾਂ ਇਹ ਹੈ ਕਿ ਲੰਮੇ ਸਹਿਚਾਰ ਤੇ ਵਫ਼ਾਦਾਰੀ ਕਰਕੇ ਗੁਰਮੁਖੀ ਤੇ ਪੰਜਾਬੀ ਭਾਸ਼ਾ ਵਿਚ ਅਨੁਕੂਲਤਾ ਤੇ ਇਕਸੁਰਤਾ ਕਾਇਮ ਹੈ। ਦੂਜੇ ਬੰਨ੍ਹੇ ਪਾਕਿਸਤਾਨੀ ਲਿਖਾਰੀ ਪੰਜਾਬੀ ਭਾਸ਼ਾ ਨੂੰ ਫਾਰਸੀ-ਉਰਦੂ ਲਿਪੀ ਵਿਚ ਲਿਖਣ ਲਈ ਜਤਨਸ਼ੀਲ ਹਨ। ਫਾਰਸੀ-ਉਰਦੂ ਲਿਪੀ ਦੀਆਂ ਜੜ੍ਹਾਂ ਅਰਬੀ ਲਿਪੀ ਵਿਚ ਹਨ ਜੋ ਖ਼ੁਦ ਆਪ ਹੀਬਰੂ ਲਿਪੀ ਦੀ ਸੰਤਾਨ ਹੈ। ਫਾਰਸੀ ਲਿਪੀ ਫਾਰਸੀ-ਉਰਦੂ ਜ਼ਬਾਨਾਂ ਦੀਆਂ ਧੁਨੀਆਂ (Sounds) ਲਿਖਣ ਲਈ ਘੜੀ ਹੋਈ ਹੈ ਅਤੇ ਇਨ੍ਹਾਂ ਬੋਲੀਆਂ ਦੀਆਂ ਜ਼ਰੂਰਤਾਂ ਮੁਤਾਬਕ ਬਿਲਕੁਲ ਸਹੀ ਤੇ ਦਰੁਸਤ ਹੈ। ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਫਾਰਸੀ-ਉਰਦੂ ਧੁਨੀਆਂ ਲਈ ਰਾਖਵੀਂ ਫਾਰਸੀ ਲਿਪੀ ਵਿਚ ਪੰਜਾਬੀ ਭਾਸ਼ਾ ਦੀਆਂ ਵਿਲੱਖਣ ਧੁਨੀਆਂ ਨੂੰ ਲਿਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰੰਤੂ ਇਸ ਜਤਨ ਵਿਚ ਜਿਹੜੀਆਂ ਖ਼ਾਮੀਆਂ ਤੇ ਤਰੁਟੀਆਂ ਪੈਦਾ ਹੁੰਦੀਆਂ ਹਨ ਉਨ੍ਹਾਂ ਦਾ ਸੰਖੇਪ ਜ਼ਿਕਰ ਕੀਤਾ ਜਾਂਦਾ ਹੈ।

(੧) ਪੰਜਾਬੀ ਬੋਲੀ ਦੀ ਇਕ ਇਕ ਧੁਨੀ ਲਈ ਫਾਰਸੀ ਲਿਪੀ ਵਿਚ ਦੋ-ਦੋ, ਤਿੰਨ-ਤਿੰਨ ਅੱਖਰ (ਹਰੂਫ) ਹਨ, ਪਰ ਗੁਰਮੁਖੀ ਵਿਚ ਇਕ ਪੰਜਾਬੀ ਧੁਨੀ ਲਈ ਇਕੋ ਹੀ ਅੱਖਰ ਹੈ।

(੨) ਪੰਜਾਬੀ ਧੁਨੀਆਂ/ਣ, ਲ., ੜ, ਙ/ ਲਈ ਫਾਰਸੀ ਲਿਪੀ ਵਿਚ ਹਰਫ਼ ਹੀ ਨਹੀਂ ਹਨ ਪਰ ਗੁਰਮੁਖੀ ਵਿਚ ਹਰ ਧੁਨੀ ਲਈ ਅੱਖਰ ਹੈ। ਹੁਣ ਨੂੰਨ ਹਰਫ਼ ਵਿਚ ਦੋ ਨੁਕਤੇ ਪਾਕੇ ਣਾਣਾ ਅੱਖਰ ਬਣਾ ਰਹੇ ਹਨ।

(੩) ਪੰਜਾਬੀ ਬੋਲੀ ਦੀਆਂ/ ਘ, ਝ, ਢ, ਧ, ਭ/ ਸਰਾਤਮਕ (ਟੋਨਦਾਰ)

ਧੁਨੀਆਂ ਜਦ ਫਾਰਸੀ ਲਿਪੀ ਵਿਚ ਲਿਖੀਏ ਤਾਂ ਇਨ੍ਹਾਂ ਦਾ ਉਚਾਰਨ ਟੋਨਲ ਨਹੀਂ ਰਹਿੰਦਾ ਬਲਕਿ ਹਿੰਦੀ-ਉਰਦੂ ਨੁਮਾ ਮਹਾਂਪ੍ਰਾਣ (Aspirated) ਉਚਾਰਿਆ ਜਾਂਦਾ ਹੈ।

(੪) ਫਾਰਸੀ ਵਰਣਮਾਲਾ ਦੇ/ ਸੇ, ਹੇ, ਖ਼ੇ, ਜ਼ਾਲ, ਸੁਆਦ, ਜ਼ੁਆਦ, ਤੋਏ, ਜੋਏ, ਐਨ, ਫ਼ੇ, ਕੁਆਫ਼/ ਹਰੂਫ ਪੰਜਾਬੀ ਬੋਲੀ ਦੀਆਂ ਧੁਨੀਆਂ ਲਿਖਣ ਲਈ ਫਾਲਤੂ ਤੇ ਬੇਲੋੜੇ ਹਨ ਕਿਉਂਕਿ ਇਨ੍ਹਾਂ ਹਰਫਾਂ ਦੇ ਬਿਲ-ਮੁਕਾਬਲ ਪੰਜਾਬੀ ਵਿਚ ਧੁਨੀਆਂ ਹੀ ਨਹੀਂ ਹਨ, ਪਰ ਗੁਰਮੁਖੀ ਵਿਚ ਕੋਈ ਅੱਖਰ ਬੇਲੋੜਾ ਨਹੀਂ ਹੈ।

(੫) ਫਾਰਸੀ ਲਿਪੀ ਵਿਚ ਤਿੰਨ ਹੀ ਸੁਰ-ਚਿੰਨ੍ਹ (Vowel sighns) ਹਨਃ ਜ਼ਬਰ, ਜ਼ੇਰ, ਪੇਸ਼। ਪਰ ਗੁਰਮੁਖੀ ਵਿਚ ੧੦ ਸਵਰ -ਚਿੰਨ੍ਹ ਹਨ ਕਿਉਂਕਿ ਪੰਜਾਬੀ ਭਾਸ਼ਾ ਵਿਚ ੧੦ ਸਵਰ ਧੁਨੀਆਂ ਹਨ ਇਹ ਸੁਰ-ਚਿੰਨ੍ਹ

ਲਗਾਂ-ਮਾਤਰਾਂ ਦੀ ਸ਼ਕਲ ਵਿਚ ਹਨ। ਫਾਰਸੀ ਲਿਪੀ ਵਿਚ ੧੦ ਸੁਰ-ਚਿੰਨ੍ਹ ਨਾ ਹੋਣ ਕਰ ਕੇ ਉਸ ਵਿਚ (ਫਾਰਸੀ ਲਿਪੀ ਵਿਚ) ਲਿਖੇ ਹੋਏ ਪੰਜਾਬੀ ਸ਼ਬਦ "ਚੋਰੀ" ਨੂੰ ਚੂਰੀ, ਚੌਰੀ, ਚਵਰੀ ਵਗ਼ੈਰਾ ਪੜ੍ਹਿਆ ਜਾ ਸਕਦਾ ਹੈ ਪਰ ਗੁਰਮੁਖੀ ਦੀ ਬਣਾਵਟ ਵਿਚ ਇਹ ਭੁਲੇਖਾ ਨਹੀਂ ਹੈ। (੬) ਫਾਰਸੀ ਲਿਪੀ ਵਿਚ ਸੰਯੁਕਤ ਅੱਖਰ ਲਿਖਣੇ ਔਖੇ ਹਨ। ਨਤੀਜੇ ਵਜੋਂ 'ਪਰੋਫੈਸਰ' ਹੀ ਲਿਖਿਆ ਜਾਵੇਗਾ 'ਪ੍ਰੋਫੈਸਰ' ਨਹੀਂ

(੭) ਪੰਜਾਬੀ ਦੀਆਂ /ਖ, ਛ, ਠ, ਥ, ਫ/ ਧੁਨੀਆਂ ਲਿਖਣ ਲਈ ਫਾਰਸੀ ਲਿਪੀ ਵਿਚ ਹਰਫ਼ ਨਹੀਂ ਹਨ, ਕਾਫ+ਹੇ, ਚ+ਹੇ, ਟੇ+ਹੇ ਆਦਿ ਦੋ-ਦੋ ਅੱਖਰ ਜੋੜ-ਜੋੜ ਕੇ ਇਨ੍ਹਾਂ ਧੁਨੀਆਂ ਨੂੰ ਲਿਖਣ ਦਾ ਕੰਮ ਚਲਾਉਣਾ ਪੈਂਦਾ

ਹੈ। ਅਖੀਰ ਵਿਚ ਮੈਂ ਇਹ ਕਹਿਣਾ ਚਾਹਾਂਗਾ ਕਿ ਅਰਬੀ-ਫਾਰਸੀ ਲਿਪੀ (Perso-Arabic Script) ਅਰਬੀ-ਫਾਰਸੀ-ਉਰਦੂ ਜ਼ਬਾਨਾਂ ਲਿਖਣ ਲਈ ਬਹੁਤ ਹੀ ਦਰੁਸਤ, ਸਹੀ ਤੇ ਢੁਕਵੀਂ ਹੈ ਪਰ ਪੰਜਾਬੀ ਬੋਲੀ ਨੂੰ ਲਿਖਣ ਲਈ ਫਾਰਸੀ-ਅਰਬੀ ਲਿਖਣ ਲਈ ਬਹੁਤੀ ਢੁਕਵੀਂ ਨਹੀਂ।'